# ਅਤਿਵਾਦੀ ਕੌਣ?
# ਸ਼ਹਿਬਾਜ਼ ਖਾਲਸਾ ਵੱਲੋਂ ਖੁਲਾ ਖ਼ਤ

**ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੀਉ,**

***ਵਾਹਿਗੁਰੂ ਜੀ ਕਾ ਖਾਲਸਾ ॥***
***ਵਾਹਿਗੁਰੂ ਜੀ ਕੀ ਫਤਹਿ ॥***

ਅੱਜ ਮਿਤੀ ੧੮ ਅਕਤੂਬਰ ੨੦੦੫ ਦੇ ਦਿਨ ਆਪ ਦੋਹਾਂ ਧਿਰਾਂ (ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ) ਵੱਲੋਂ ਪੰਜਾਬ ਦੇ ਵਿਧਾਨ ਸਭਾ ਸਦਨ ਵਿਚ ਕੀਤੀ ਗਈ ਬਹਿਸ ਸੁਣੀ। ਜਿਸ ਦਾ ਵਿਸ਼ਾ ਪੰਜਾਬ ਵਿਚ "ਅੱਤਵਾਦ ਲਈ ਜ਼ਿੰਮੇਵਾਰ ਕੌਣ?" ਸੀ। ਸਤਿਕਾਰ ਯੋਗ ਲੀਡਰ ਸਾਹਿਬਾਨ ਸਾਰੀ ਬਹਿਸ ਸੁਣਨ ਤੋਂ ਬਾਅਦ ਮਹਿਸੂਸ ਹੋਇਆ ਕਿ ਤੁਸੀ ਦੋਵੇਂ ਧਿਰਾਂ ਜਾਂ ਤਾਂ ਬਹੁਤ ਅਣਜਾਣ ਹੋ ਜਾਂ ਫਿਰ ਅਤਿਅੰਤ ਚਲਾਕ ਜੋ ਬੇਲੋੜੀ ਬਹਿਸ ਮੁਹਾਸਬੇ ਬਾਜ਼ੀ ਕਰਕੇ ਪੰਜਾਬ ਦੇ ਲੋਕਾਂ ਨੂੰ ਬੇਵਕੂਫ਼ ਬਣਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਚਾਹੁੰਦੇ ਹੋ ? ਅਸਲ ਵਿਚ ਆਪ ਦੋਹਾਂ ਧਿਰਾਂ ਵੱਲੋਂ ਚੁਣਿਆ ਗਿਆ ਬਹਿਸ ਦਾ ਮੁਦਾ ਹੀ ਗਲਤ ਹੈ। ਤੁਸੀਂ ਦੋਹਾਂ ਧਿਰਾਂ ਨੇ ਇਕ ਦੂਸਰੇ ਨੂੰ ਅੱਤਵਾਦ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਤੀਜੀ ਧਿਰ (ਸਿਖ ਖਾੜਕੂ ਲਹਿਰ) ਨੂੰ ਬਿਨਾਂ ਵਿਚਾਰ ਕੀਤੇ ਅੱਤਵਾਦੀ ਗਰਦਾਨ ਦਿੱਤਾ ਹੈ। ਜਦਕਿ ਨੈਤਿਕ ਤੌਰ ਤੇ ਇਹ ਗੱਲ ਕਿਵੇਂ ਵੀ ਠੀਕ ਨਹੀਂ ਠਹਿਰਾਈ ਜਾ ਸਕਦੀ ਜਿਨਾਂ ਚਿਰ ਇਸ ਬਹਿਸ ਵਿਚ ਤੀਜੀ ਧਿਰ ਦਾ ਪੱਖ ਨਹੀਂ ਲਿਆ ਜਾਂਦਾ। ਸਿਖ ਕੌਮ ਅੱਜ ਵੀ ਸਿਖ ਖਾੜਕੂ ਲਹਿਰ ਨੂੰ ਅੱਤਵਾਦੀ ਨਹੀਂ ਸਗੋਂ ਸਿਖਾਂ ਦੀ ਆਜ਼ਾਦੀ ਲਈ ਲੜੀ ਲੜਾਈ ਦੇ ਜੁਝਾਰੂ ਭਾਵ ਫਰੀਡਮ ਫਾਈਟਰ ਵਜੋਂ ਮਾਨਤਾ ਦਿੰਦੀ ਹੈ। ਵੈਸੇ ਥੋੜੀ ਬਹੁਤ ਸਿਆਸੀ ਸੂਝ ਰੱਖਣ ਵਾਲਾ ਆਮ ਵਿਅਕਤੀ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਕਿ ਖਾੜਕੂ ਧਿਰਾਂ ਨੂੰ ਅੱਤਵਾਦੀ ਕਹਿਣ ਵਾਲੇ ਲੋਕ ਕਿੰਨੇ ਕੁ ਸੱਤਵਾਦੀ ਹਨ ? ਜਿਵੇਂ ਅਸੀਂ ਪਹਿਲਾਂ ਵੀ ਬੇਨਤੀ ਕੀਤੀ ਹੈ ਆਪ ਦੋਹਾਂ ਧਿਰਾਂ ਦਾ ਅਸਲ ਮੁਦਾ ਇਹ ਹੋਣਾ ਚਾਹੀਦਾ ਹੈ ਕਿ ਸਹੀ ਮਾਇਨਿਆਂ ਵਿਚ ਅੱਤਵਾਦੀ ਹਨ ਕੌਣ ?

---

ਭਾਰਤੀ ਅਖੌਤੀ ਜਾਂ ਲੋਕਤੰਤਰੀ ਸਿਸਟਮ ਤੇ ਕਾਬਜ਼ ਤੁਹਾਡੇ ਵਰਗੇ ਸਿਆਸੀ ਸਰਮਾਏਦਾਰ ਲੋਕ ? ਜਨਾਬੇ ਆਲਾ ਹਾਲਤ ਇਹ ਹਨ "ਹਮ ਆਹ ਭੀ ਭਰਤੇ ਹੈ ਤੋ ਹੋ ਜਾਤੇ ਹੈ ਬਦਨਾਮ ਵੋਹ ਕਤਲ ਕਰ ਜਾਤੇ ਹੈ ਔਰ ਚਰਚਾ ਨਹੀਂ ਹੋਤਾ। ਸਾਡੇ ਖਿਆਲ ਮੁਤਾਬਕ ਤੁਹਾਨੂੰ ਦੋਹਾਂ ਧਿਰਾਂ ਅੱਤਵਾਦ ਦੇ ਕਾਰਨਾਂ ਅਤੇ ਅਸਲੀ ਅੱਤਵਾਦੀਆਂ ਬਾਰੇ ਦੱਸਣਾ ਤਾਂ ਬੋਲੇ ਅੱਗੇ ਭੈਰਵ ਜਾਂ ਗਾਉੜੀ ਰਾਗ ਗਾਉਣ ਤੋਂ ਵੱਧ ਹੋਰ ਕੁਝ ਨਹੀਂ ਹੋ ਸਕਦਾ। ਸਮਝਦੇ ਤੁਸੀਂ ਦੋਵੇਂ ਧਿਰਾਂ ਵੀ ਚੰਗੀ ਤਰ੍ਹਾਂ ਨਾਲ ਹੋ ਪਰ ਫਿਰ ਵੀ ਤੁਹਾਨੂੰ ਭਾਰਤ ਦੇਸ਼ ਦੇ ਅਸਲ ਅੱਤਵਾਦ ਦੇ ਅਸਲ ਇਤਿਹਾਸ ਤੋਂ ਜਾਣੂੰ ਕਰਵਾ ਹੀ ਦਿੱਤਾ ਜਾਵੇ। ਸਤਿਕਾਰਯੋਗ ਲੀਡਰ ਸਾਹਿਬਾਨ ਜੀ ਭਾਰਤ ਕਹੇ ਜਾਂਦੇ ਦੇਸ਼ ਵਿਚ ਅੱਤਵਾਦ ਦਾ ਇਤਿਹਾਸ ਬਹੁਤ ਸਦੀਆਂ ਪੁਰਾਣਾ ਕਿਹਾ ਜਾ ਸਕਦਾ ਹੈ। ਜਿਵੇਂ ਆਪ ਜੀ ਦੇ ਸਤਿਕਾਰਯੋਗ ਸਦਨ ਵਿਚ ਬੀਬੀ ਰਜਿੰਦਰ ਕੌਰ ਭੱਠਲ ਨੇ ਗੱਲ ਆਰੀਆ ਵਰਤ ਦੇ ਰਿਸ਼ੀਆਂ ਮੁਨੀਆਂ ਤੋਂ ਸ਼ੁਰੂ ਕੀਤੀ ਸੀ । ਅਸੀਂ ਵੀ ਗੱਲ ਉਥੋਂ ਹੀ ਸ਼ੁਰੂ ਕਰਨੀ ਚਾਹੁੰਦੇ ਹਾਂ। ਅਸਲ ਸਿਆਪੇ ਦੀ ਜੜ੍ਹ ਇਹੋ ਅੱਤਵਾਦੀ ਗ੍ਰੰਥ ਹਨ। ਸਤਿਕਾਰਯੋਗ ਬੀਬੀ ਜੀ ਨੇ ਆਪਣੇ ਭਾਸ਼ਨ ਵਿਚ ਪੁਰਾਤਨ ਗ੍ਰੰਥਾਂ ਰਮਾਇਣ ਤੇ ਰਿਗਵੇਦ ਦੀਆਂ ਉਦਾਹਰਣਾਂ ਦਿੱਤੀਆਂ। ਸੋ ਆਓ ਇਨ੍ਹਾਂ ਗ੍ਰੰਥਾਂ ਦੇ ਮਹਾਨ ਨਾਇਕਾਂ ਦੇ ਅਸਲੀ ਚਰਿੱਤਰ ਦਾ ਵਿਵੇਚਨ ਕਰ ਲਿਆ ਜਾਵੇ ਤਾਂ ਕਿ ਆਪ ਜੀ (ਦੋਹਾਂ ਧਿਰਾਂ) ਨੂੰ ਅਸਲੀ ਅੱਤਵਾਦੀਆਂ ਦੀ ਪਹਿਚਾਣ ਹੋ ਜਾਵੇ।

੧. **ਰਾਮ ਚੰਦਰ ਜੀ** :- ਭਾਵੇਂ ਕਿ ਪੁਰਾਤਨ ਗ੍ਰੰਥਾਂ ਵਿਚ ਇਨ੍ਹਾਂ ਨੂੰ ਮਰਿਯਾਦਾ ਪੁਰਸ਼ੋਤਮ ਦਾ ਦਰਜਾ ਦਿੱਤਾ ਗਿਆ ਹੈ ਪਰ ਅਸਲ ਵਿਚ ਇਹ ਬੜੀ ਭਿਆਨਕ ਕਿਸਮ ਦੇ ਪੁਰਾਤਨ ਅੱਤਵਾਦੀ ਕਹੇ ਜਾ ਸਕਦੇ ਹਨ। ਪੁਰਾਤਨ ਗ੍ਰੰਥ ਰਮਾਇਣ ਨੂੰ ਗਹੁ ਨਾਲ ਵਾਚਿਆ ਆਪ ਜੀ ਨੂੰ ਭਲੀਭਾਂਤ ਪਤਾ ਲੱਗ ਜਾਵੇਗਾ ਕਿ ਇਸ ਮਹਾਨ ਪੁਰਸ਼ ਨੇ ਕਿਹੜਾ-ਕਿਹੜਾ ਅੱਤਵਾਦੀ ਕੰਮ ਕੀਤਾ। ਪਰ ਫਿਰ ਵੀ ਇਨ੍ਹਾਂ ਦੇ ਚੰਦ ਕੁ ਕਰਤਵਾਂ ਵੱਲ ਆਪ ਜੀ ਦਾ ਧਿਆਨ ਦਵਾਉਣਾ ਚਾਹੁੰਦਾ ਹਾਂ। ਰਮਾਇਣ ਦੀ ਲੜਾਈ ਵਿਚ ਅਸਲ ਪੁਆੜੇ ਦੀ ਜੜ ਇਨ੍ਹਾਂ ਦੁਆਰਾ ਸਿੰਮਣੀ ਛੇੜਣ ਕਰਕੇ ਹੀ ਹੋਈ। ਲੰਕਾ ਪਤੀ ਰਾਵਣ ਦੀ ਭੈਣ ਸਰੂਪ ਨਖਾਂ ਬਨਵਾਸ ਦੇ ਦਿਨਾਂ ਵਿਚ ਜਦੋਂ ਇਨ੍ਹਾਂ ਪਾਸ ਸ਼ਾਦੀ ਦਾ ਪ੍ਰਸਤਾਵ ਲੈ ਕੇ ਆਈ ਤਾਂ ਇਨ੍ਹਾਂ ਆਪਣੇ ਆਪ ਨੂੰ ਵਿਆਹਿਆ ਦੱਸਿਆ ਤੇ ਸਰੂਪ ਨਖਾਂ ਨੂੰ ਆਪਣੇ ਭਰਾ ਲਛਮਣ ਕੋਲ ਭੇਜ ਦਿੱਤਾ ਤੇ ਉਸ ਦੇ ਅਣ ਵਿਆਹੇ ਹੋਣ ਦਾ ਝੂਠ ਵੀ ਬੋਲਿਆ ਜਦ ਕਿ ਲਛਮਣ ਪਹਿਲਾਂ ਹੀ ਵਿਆਹਿਆ ਹੋਇਆ ਸੀ। ਲਛਮਣ ਨੇ ਇਨ੍ਹਾਂ ਦੇ ਕਹਿਣ 'ਤੇ ਸਰੂਪ ਨਖਾਂ (ਸੁੰਦਰ ਨੱਕ ਦੀ ਮਾਲਿਕ) ਦੀ ਸੁੰਦਰਤਾ ਦੀ ਨਿਸ਼ਾਨੀ ਉਸਦਾ ਨੱਕ ਹੀ ਵੱਢ ਦਿੱਤਾ। ਜਿਸ ਦੇ ਬਦਲੇ ਵਿਚ ਰਾਵਣ ਨੇ ਸੀਤਾ ਜੀ ਨੂੰ ਚੁਕਿਆ ਅਤੇ ਭਿਆਨਕ ਲੜਾਈ ਹੋਈ ਅਤੇ ਬਹੁਤ ਮਨੁੱਖੀ ਜਾਨਾਂ ਗਈਆਂ। ਸ਼ਾਦੀ ਦਾ ਪ੍ਰਸਤਾਵ ਲੈ ਕੇ ਆਈ ਇਕ ਸੁੰਦਰ ਇਸਤਰੀ ਦਾ ਨੱਕ ਵੱਢ ਦੇਣਾ ਅੱਤਵਾਦ ਨਹੀਂ ਹੈ? ਪਰ ਆਪ ਦੋਹਾਂ ਧਿਰਾਂ ਨੇ ਕਦੇ ਵੀ ਇਨ੍ਹਾਂ ਮਹਾਨ ਪੁਰਸ਼ਾਂ ਨੂੰ ਅੱਤਵਾਦੀ ਕਿਉਂ ਨਹੀਂ ਕਿਹਾ ? ਮਸਲਾ ਵੋਟ ਦਾ ਜੋ ਹੋਇਆ ? ਦਿਲ ਥਾਮ ਬੈਠਣਾ ਰਾਜਾ ਜਨੋ ਅਭੀ ਤੋ ਕਥਾ ਬਾਕੀ ਹੈ। ਅਬਲਾ ਇਸਤਰੀ ਦਾ ਨੱਕ ਵੱਢ ਦੇਣਾ, ਧੋਖੇ ਨਾਲ ਕੇਲੇ ਦੇ ਦਰੱਖਤ ਦੇ ਉਹਲੇ ਖੜੇ ਬਾਲੀ ਨੂੰ ਮਾਰ ਦੇਣਾ, ਰੱਬ ਦੀ ਭਗਤੀ ਕਰਨ ਬਦਲੇ ਸ਼ੰਭੂਕ ਸ਼ੂਦਰ ਰਿਸ਼ੀ ਨੂੰ ਮਾਰ ਦੇਣਾ ਤਾਂ ਸਤਵਾਦ ਹੀ ਕਿਹਾ ਜਾ ਸਕਦਾ ਹੈ ? ਆਪਣੀ ਸਤਵੰਤੀ ਪਤਨੀ ਨੂੰ ਅਗਨੀ ਪ੍ਰੀਖਿਆ ਦੇਣ ਲਈ ਮਜ਼ਬੂਰ ਕਰਨਾ ਅਗਨੀ ਪ੍ਰੀਖਿਆ ਵਿਚੋਂ ਪਾਸ ਹੋਣ ਤੇ ਗਰਭਵਤੀ ਹਾਲਤ ਵਿਚ ਘਰੋ ਕੱਢ ਦੇਣਾ ਤਾਂ ਮਹਾਨ ਪੁੰਨ ਕਰਮ ਹੈ? ਅੱਤਵਾਦ ਤਾਂ ਹਰਗਿਜ਼ ਨਹੀਂ ਹੋ ਸਕਦਾ? ਚਲੋ ਇਹ ਤਾਂ ਹੋਏ ਭਾਰਤ ਦੇ ਪਹਿਲੇ ਮਹਾਨ ਅੱਤਵਾਦੀ ਰਾਜਾ ਰਾਮ ਚੰਦਰ ਕੱਲੀ-ਕੱਲੀ ਗੱਲ ਲਿਖਦਿਆਂ ਸੌਦਾ ਲੰਮਾ ਲਟਕ ਜਾਣ ਦੀ ਸੰਭਾਵਨਾ ਹੈ ਸੋ ਹਵਾਲਿਆਂ ਲਈ ਅੱਤਵਾਦੀ ਗ੍ਰੰਥ ਤੁਲਸੀ ਰਮਾਇਣ ਦੇਖ ਲੈਣਾ ਜੀ।

੨. **ਹਨੂੰਮਾਨ**:- ਹੁਣ ਦੋ ਨੰਬਰ ਤੇ ਗੱਲ ਕਰਦੇ ਹਾਂ ਰਾਮ ਚੰਦਰ ਜੀ ਦੇ ਡਿਪਟੀ ਕਮਾਂਡਰ (ਮੁਖ ਸੈਨਾਪਤੀ) ਸ੍ਰੀ ਹੰਨੂਮਾਨ ਜੀ ਦੀ.... ਵੈਸੇ ਤਾਂ ਇਹ ਸ੍ਰੀ ਮਾਨ ਜੀ ਆਪਣੇ ਬਚਪਨ ਤੋਂ ਹੀ ਅੱਤਵਾਦੀ ਕਾਰਵਾਈਆਂ ਕਰਦੇ ਰਹੇ ਹਨ। ਇਨ੍ਹਾਂ ਨੇ ਬਚਪਨ ਵਿਚ ਹੀ ਸੂਰਜ ਦੇਵਤਾ ਅਗਵਾ ਕਾਂਡ ਨੂੰ ਅੰਜ਼ਾਮ ਦੇ ਦਿੱਤਾ ਸੀ। ਪੁਰਾਤਨ ਪਵਿੱਤਰ ਗ੍ਰੰਥਾਂ ਵਿਚ ਜ਼ਿਕਰ ਹੈ ਕਿ ਇਨ੍ਹਾਂ ਮਹਾਨ ਪੁਰਸ਼ਾਂ ਨੇ ਸੂਰਜ ਹੀ ਨਿਗਲ ਲਿਆ ਸੀ ਅਤੇ ਜਦੋਂ ਜਗਤ ਵਿਚ ਅੰਧਕਾਰ ਪੱਸਰ ਗਿਆ ਤਾਂ ਰਿਸ਼ੀਆਂ ਮੁਨੀਆਂ ਦੇ ਕੁਰਲਾਹਟ ਕਰਨ ਤੇ ਵਿਚਾਰੇ ਨੂੰ ਅਜ਼ਾਦ ਕੀਤਾ। ਉਹ ਵੀ ਅਟਪਟੇ ਜਿਹੇ ਦਰਵਾਜ਼ੇ ਥਾਂਣੀ ਬਾਹਰ ਕੱਢਿਆ ਜਿਸ ਦੀ ਨਿਸ਼ਾਨੀ (ਪਵਿੱਤਰ ਗ੍ਰੰਥਾਂ ਮੁਤਾਬਕ) ਅੱਜ ਤੱਕ ਇਨ੍ਹਾਂ ਦੀ ਨਸਲ 'ਹਿਪਸ' ਤੇ ਕਾਇਮ ਹੈ। ਇਕ ਹੋਰ ਕਥਾ ਮੁਤਾਬਕ ਜਦੋਂ ਰਾਮ ਚੰਦਰ ਜੀ ਦੇ ਇਹ ਮਹਾਨ ਸ਼ੂਟਰ ਸੀਤਾ ਜੀ ਦੀ ਭਾਲ ਵਿਚ ਲੰਕਾ ਗਏ ਤਾਂ ਰਾਜੇ ਰਾਵਣ ਦੀ ਅਸ਼ੋਕ ਵਾਟਿਕਾ ਦੀ ਐਸੀ ਤੈਸੀ ਅੱਧੇ ਘੰਟੇ ਵਿਚ ਫੇਰ ਦਿੱਤੀ। ਚਲੋ ਜੇ ਇਸ ਮਹਾਨ ਰਾਮ ਭਗਤ ਦੇ ਇਨ੍ਹਾਂ ਕਾਰਨਾਮਿਆਂ ਨੂੰ "ਸੱਤਵਾਦੀ" ਵੀ ਮੰਨ ਲਿਆ ਜਾਵੇ ਤਾਂ ਲੰਕਾ ਦਹਿਨ ਬਾਰੇ ਆਪ ਜੀ ਦੇ ਕੀ ਵਿਚਾਰ ਹਨ? ਸੀਤਾ ਅਗਵਾ ਕਾਂਡ ਲਈ ਰਾਵਣ ਦੋਸ਼ੀ ਮੰਨਿਆ ਜਾ ਸਕਦਾ ਹੈ ਪਰ ਪੂਛ ਨੂੰ ਲੋਗੜ ਲਪੇਟ ਕੇ ਸਾਰੀ ਲੰਕਾ ਨੂੰ ਸੁਆਹ ਕਰ ਦੇਣਾ ਕਿਥੋਂ ਦੀ ਸਿਆਣਪ ਹੈ ? ਕੀ ਲੰਕਾ ਦਹਿਨ ਸਮੇਂ ਮਹਾਨ ਅਗਨੀ ਕਾਂਡ ਵਿਚ ਆਮ ਲੋਕ ਨਹੀਂ ਸੜੇ ਹੋਣਗੇ ? ਲੀਡਰ ਸਾਹਿਬਾਨ ਮੁਆਮਲਾ ਸਿਧਾ ਮਾਸ ਕਿਲਿੰਗ ਦਾ ਹੈ ਕਿਹੜੀ ਧਾਰਾ ਲੱਗੇਗੀ ਵਿਚਾਰ ਕਰ ਲੈਣਾ। ਮੈਨੂੰ ਮਹਿਸੂਸ ਹੁੰਦਾ ਹੈ ਕਿ ਜੇਕਰ ਉਸ ਸਮੇਂ ਅੱਜ ਦਾ ਕਨੂੰਨ ਹੁੰਦਾ ਤਾਂ ਇਹ ਸ੍ਰੀ ਮਾਨ ਜੀ ਫਿਦਾਇਨਾਂ ਦੀ ਲਿਸਟ ਵਿਚ ਪਹਿਲੇ ਨੰਬਰ ਤੇ ਆਉਣੇ ਸਨ।

੩. **ਕ੍ਰਿਸ਼ਨ ਜੀ** :- ਸਤਿਕਾਰ ਯੋਗ ਲੀਡਰ ਸਾਹਿਬਾਨ (ਰਾਜਾ ਜੀ ਤੇ ਬਾਦਲ ਸਾਹਿਬ) ਇਸ ਮਹਾਨ ਵਿਅਕਤੀ ਬਾਰੇ ਕੌਣ ਨਹੀਂ ਜਾਣਦਾ? ਇਹ ਵੀ ਰਾਮ ਜੀ ਵਾਂਗ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ ਜਿਸ ਨੇ ਰਾਖਸ਼ ਜਲੰਧਰ ਦੀ ਇਤਸਰੀ ਦਾ ਸਤ ਭੰਗ ਕਰਨ ਦਾ ਮਹਾਨ ਸੱਤਵਾਦੀ ਕਾਰਨਾਮਾ ਕੀਤਾ ਸੀ। ਸੋ ਇਨ੍ਹਾਂ ਨੂੰ ਪਿਛਲੇ ਜਨਮਾਂ ਦਾ ਬੋਧ

ਕੁਦਰਤੀ ਹੋਵੇਗਾ ਹੀ। ਇਨ੍ਹਾਂ ਦੇ ਕਾਰਨਾਮੇ ਲਿਖਣ ਲਈ ਇਕ ਵੱਖਰੀ ਕਿਤਾਬ ਦੀ ਜ਼ਰੂਰਤ ਹੈ। ਰਾਜਾ ਰੁਕਮਾਂਦ ਦੀ ਭੈਣ ਰੁਕਮਣੀ ਨੂੰ ਕੱਢ ਕੇ ਲਿਆਉਣਾ, ਆਪਣੀ ਸਕੀ ਮਾਮੀ ਰਾਧਾ ਨਾਲ ਇਸ਼ਕ ਪੇਚਾ ਫਸਾਉਣਾ, ੩੬੫ ਗੋਪੀਆਂ ਹੋਣ ਦੇ ਬਾਵਜੂਦ ਚੰਦਰਾਵਲ ਵਰਗੀ ਸਾਊ ਗਵਾਲਣ ਦੀ ਪੱਤ ਨਾਲ ਉਹਦੇ ਸਹੁਰੇ ਘਰ ਜਾ ਕੇ ਖੇਡਣਾ (ਜੁਜ ਮਹਿ ਜੋਰ ਛਲੀ ਚੰਦ੍ਰਾਵਾਲ) ਕੁਬਜ਼ਾਂ ਬੁੱਢੀ ਮਾਲਣ ਨੂੰ ਨਿਹਾਲ ਕਰਨਾ, ਨਦੀ ਵਿਚ ਇਸ਼ਨਾਨ ਕਰਦੀਆਂ ਸ਼ਰੀਫ ਔਰਤਾਂ ਦੇ ਕੱਪੜੇ ਚੁਕ ਕੇ ਦਰੱਖਤ ਤੇ ਚੜ ਜਾਣਾ ਮਹਾਂਭਾਰਤ ਦੀ ਟਾਲੀ ਜਾ ਸਕਣ ਵਾਲੀ ਲੜਾਈ ਨੂੰ ਅਰਜਨ ਨੂੰ ਫੂਕ ਦੇ ਕੇ, ਵਰਗਲਾਅ ਕੇ ਭਾਈਆਂ ਹੱਥੋਂ ਭਾਈਆਂ ਦੀਆਂ ਅਠਾਰਾਂ ਖੂਹਣੀਆਂ ਕਤਲ ਕਰਵਾ ਦੇਣੀਆਂ, ਖਾਂਡਵ ਬਨ ਨੂੰ ਅੱਗ ਲਗਵਾ ਕੇ ਨਿਹੱਥੇ ਭੀਲਾਂ ਨੂੰ ਪੜਵਾ ਦੇਣਾ, ਮਹਾਂਭਾਰਤ ਦੇ ਯੁੱਧ ਵਿਚ ਯੁਧਿਸ਼ਟਰ ਕੋਲੋਂ "ਅਸਵਥਾਮ ਮਰ ਗਿਆ ਹੈ" ਦਾ ਝੂਠ ਬਲਵਾ ਕੇ ਅਰਜਣ ਕੋਲੋ ਉਸ ਦੇ ਉਸਤਾਦ ਦ੍ਰੋਣਚਾਰੀਆਂ ਦਾ ਕਤਲ ਕਰਵਾਉਣਾ, ਭੀਮ ਜਰਾਸੰਧ ਯੁਧ ਵਿਚ ਭੀਮ ਨੂੰ ਤੱਤਾ ਵਿਚਾਲਿਓ ਪਾੜ ਕੇ ਜੁਗਤ ਦੱਸ ਕੇ ਜਰਾਸੰਧ ਦਾ ਕਤਲ ਕਰਵਾਉਣਾ, ਇਹ ਸਭ ਸੱਤਵਾਦੀ ਕਾਰਵਾਈਆਂ ਇਸੇ ਮਹਾਨ ਵਿਅਕਤੀ ਦੇ ਹਿੱਸੇ ਆਈਆਂ ਹਨ। ਸੋ ਇਸ ਮਹਾਨ (ਸੱਤਵਾਦੀ) ਸੱਜਣ ਦੇ ਜੀਵਨ ਇਤਿਹਾਸ ਨੂੰ ਦੇਖਣ ਲਈ ਅਤੇ ਉਪਰੋਕਤ ਗੱਲਾਂ (ਕਥਾਵਾਂ) ਨੂੰ ਵਿਸਥਾਰ ਸਹਿਤ ਪੜਣ ਲਈ ਮਹਾਂਭਾਰਤ, ਸੁਖਸਾਗਰੁ ਅਤੇ ਗੀਤਾ ਵਰਗੇ ਗ੍ਰੰਥ ਵੇਖੇ ਜਾ ਸਕਦੇ ਹਨ।

੪. **ਇੰਦਰ ਤੇ ਬ੍ਰਹਮਾ ਜੀ** :- ਇਨ੍ਹਾਂ ਮਹਾਨ ਸੱਤਵਾਦੀ ਸੱਜਣਾ ਬਾਰੇ ਲਿਖਦਿਆਂ ਸ਼ਰਮ ਆ ਰਹੀ ਹੈ। ਪਰ ਫਿਰ ਵੀ ਇਨ੍ਹਾਂ ਦੇ ਸੱਤਵਾਦੀ ਕਾਰਨਾਮੇ ਆਪ ਜੀ ਦੇ ਧਿਆਨ ਵਿਚ ਲਿਆਉਣੇ ਅਤਿ ਜ਼ਰੂਰੀ ਹਨ। "ਇੰਦਰ" ਜੀ ਨੂੰ ਪਵਿੱਤਰ ਪੌਰਾਣਿਕ ਗ੍ਰੰਥਾਂ, ਜਿਨਾਂ ਵਿਚੋਂ ਇਕ ਦਾ ਜ਼ਿਕਰ ਆਪ ਜੀ ਦੇ ਸਦਨ ਵਿਚ ਸਤਿਕਾਰਯੋਗ ਬੀਬੀ ਰਜਿੰਦਰ ਕੌਰ ਭੱਠਲ ਨੇ ਵੀ ਕੀਤਾ ਹੈ ਮੇਰੀ ਮੁਰਾਦ "ਰਿਗ ਵੇਦ" ਤੋਂ ਹੈ ਵਿਚ ਸਵਰਗ ਦਾ ਰਾਜਾ ਤੇ ਵਰਖਾ ਭੇਜਣ ਵਾਲਾ ਮੰਨਿਆ ਜਾਂਦਾ ਹੈ। ਇਨ੍ਹਾਂ ਮਹਾਨ ਪੁਰਸ਼ਾਂ ਦੀਆਂ ਰੰਗੀਲੀਆਂ ਆਦਤਾਂ ਤੋਂ ਤਾਂ ਹਰ ਭਾਰਤ ਵਾਸੀ ਜਾਣੂੰ ਹੀ ਹੈ। ਜਦੋਂ ਕਿਤੇ ਕੋਈ ਭਲਾ ਪੁਰਸ਼ ਰੱਬ ਦੀ ਬੰਦਗੀ ਕਰਦਾ ਹੈ ਤਾਂ ਝੱਟਪੱਟ ਇਨ੍ਹਾਂ ਦਾ ਸਿੰਘਾਸਣ ਸਾਂਝੀ ਸਰਕਾਰ ਦੇ ਪ੍ਰਧਾਨ ਮੰਤਰੀ ਦੇ ਸਿੰਘਾਸਣ ਵਾਂਗ ਡੋਲਦਾ ਹੈ ਅਤੇ ਇਹ ਆਪਣੇ ਰਾਜ ਭਾਗ ਵਿਚੋਂ ਰੰਭਾ, ਮੇਨਕਾ, ਉਰਵਸ਼ੀ ਆਦਿਕ ਸੁੰਦਰੀਆਂ ਦੀ ਵਰਤੋਂ ਕਰਕੇ ਵਿਚਾਰੇ ਰੱਬ ਦੇ ਪਿਆਰਿਆਂ ਦੀ ਭਗਤੀ ਨੂੰ ਖੰਡਨ ਕਰਨ ਦਾ ਸੱਤਵਾਦੀ ਕਾਰਨਾਮਾ ਸਰੰਜ਼ਾਮ ਕਰਦੇ ਹਨ। ਇਨ੍ਹਾਂ ਦੀ ਨੀਤੀ ਦਾ ਰਗੜਿਆ ਵਿਸ਼ਵਾ ਮਿੱਤਰ ਹਲੇ ਤੱਕ ਤਾਬ ਨਹੀਂ ਆਇਆ। ਹੁਣ ਅਹੱਲਿਆ ਬਲਾਤਕਾਰ ਦੀ ਕਹਾਣੀ ਇਥੇ ਲਿਖਣੀ ਮੇਰੇ ਲਈ ਅਸੰਭਵ ਹੈ। ਰਿਗ ਵੇਦ ਆਪੇ ਹੀ ਪੜ ਲੈਣਾ। ਵੈਸੇ ਗੁਰਬਾਣੀ ਦਾ ਹਵਾਲਾ ਜ਼ਰੂਰ ਦੇਵਾਂਗਾ। ਬ੍ਰਹਮਾ ਜੀ ਦੇ ਕਿਯਾ ਕਹਿਣੇ, ਆਪਣੀ ਧੀ ਸਰਸਵਤੀ ਦਾ ਰੂਪ ਦੇਖ ਹੀ ਡੋਲ ਗਏ...... ਹੱਦ ਈ ਕਰਤੀ? ਵਿਚਾਰੀ ਜਿਧਰ ਜਾਵੇ ਮਗਰੇ ਮਗਰ ਦੌੜੇ ਫਿਰਨ...... ਹਾਰ ਕੇ ਸ਼ਿਵ ਜੀ ਨੂੰ ਗਾਟਾ ਵੱਢਣਾ ਪਿਆ। ਕਪਾਲ ਮੋਚਨ ਦਾ ਇਤਿਹਾਸ ਪੜ ਲੈਣਾ। ਇਨ੍ਹਾਂ ਦੋਵਾਂ ਸੱਜਣਾਂ ਨੂੰ ਅੱਤਵਾਦੀ ਜਾਂ ਸੱਤਵਾਦੀ ਜਾਂ ਕਿਸੇ ਹੋਰ ਕੈਟਾਗਰੀ ਵਿਚ ਜਿਥੇ ਮਰਜ਼ੀ ਰੱਖ ਲੈਣਾ। (ਹਵਾਲਿਆਂ ਲਈ ਸ਼ਿਵ ਪੁਰਾਣ ਬ੍ਰਹਮ ਪੁਰਾਣ, ਰਿਗ ਵੇਦ ਅਤੇ ਇੰਦਰ ਪੁਰਾਣ ਪੜੇ ਜਾ ਸਕਦੇ ਹਨ)

ਸਤਿਕਾਰਯੋਗ ਰਾਜਾ ਸਾਹਿਬ ਅਤੇ ਬਾਦਲ ਸਾਹਿਬ ਸਾਨੂੰ ਪਤਾ ਹੈ ਇਨ੍ਹਾਂ ਉਪਰੋਕਤ ਮਹਾਨ ਸਖਸ਼ੀਅਤਾਂ ਨੂੰ ਅਤਵਾਦੀ ਆਖਣਾ ਤੁਹਾਡੇ ਵੱਸ ਦਾ ਰੋਗ ਨਹੀਂ ਹੈ। ਲੋਕਤੰਤਰੀ ਮਜ਼ਬੂਰੀ ਜਿਉਂ ਹੋਈ। ਆਸ ਕਰਦੇ ਹਾਂ ਅੱਤਵਾਦ ਦੀ ਕਹਾਣੀ ਸੁਣ ਦੇ ਥੱਕੇ ਨਹੀਂ ਹੋਵੋਗੇ। ਮੁਆਫ਼ ਕਰਨਾ ਰਜਵਾੜੇ ਸਰਦਾਰੋ ਸਾਡੀ ਨਿਕੀ ਜਿਹੀ ਦ੍ਰਿਸ਼ਟੀ ਵਿਚ ਭਾਰਤ ਵਰਸ਼ ਦੇ ਅੱਤਵਾਦੀਆਂ ਦੀ ਲਿਸਟ ਬਹੁਤ ਲੰਮੀ ਹੈ। ਸਾਰਿਆਂ ਦਾ ਜ਼ਿਕਰ ਸੰਭਵ ਵੀ ਨਹੀਂ ਹੈ। ਪਰ ਫਿਰ ਵੀ ਪੌਰਾਣਿਕ ਕਾਲ ਤੋਂ ਅੱਗੇ ਜਾਣ ਤੋਂ ਪਹਿਲਾਂ ਅੱਤਵਾਦੀ ਗ੍ਰੰਥਾਂ ਵਿਚੋਂ ਦੋ ਦੀ ਗੱਲ ਜ਼ਰੂਰ ਕਰਨੀ ਚਾਹਾਂਗੇ। ਉਹ ਅੱਤਵਾਦੀ ਗ੍ਰੰਥ ਇਸ ਪ੍ਰਕਾਰ ਹਨ,

੧. **ਮਨੂੰ ਸਿਮ੍ਰਤੀ** :- ਇਹ ਬ੍ਰਹਮਾ ਜੀ ਦੇ ਅਲੌਕਿਕ ਪੁਤਰ ਮਹਾਨ ਰਿਸ਼ੀ ਮਨੂੰ ਜੀ ਦੀ ਮਹਾਨ ਕਿਰਤ ਹੈ। ਜਿਸ ਦੇ ਸਾਰੇ ਸਲੋਕਾਂ ਵਿਚ ਔਰਤ ਸ਼ੂਦਰ ਅਤੇ ਗੈਰ ਬ੍ਰਹਾਮਣ ਜਾਤਾਂ ਨੂੰ ਜੀਵਨ ਦੀਆਂ ਮੂਲ ਲੋੜਾਂ ਤੋਂ ਸੱਖਣੇ ਕਰਨ, ਸ਼ੂਦਰ ਔਰਤਾਂ ਨਾਲ ਬਲਾਤਕਾਰ ਕਰਨ ਸੂਦਰਾਂ ਦੇ ਭਜਨ ਸੁਣਨ ਤੇ ਕੰਨਾਂ ਤੇ ਮੁਖ ਵਿਚ ਸਿੱਕਾ ਢਾਲ ਕੇ ਪਾਉਣ, ਸੂਦਰਾਂ ਦੇ

ਧਾਨ ਨੂੰ ਅਪਵਿੱਤਰ ਅਤੇ ਸ਼ੂਦਰ ਔਰਤ ਦੀ ਯੋਨੀ ਨੂੰ ਪਵਿਤਰ ਦੱਸਿਆ ਗਿਆ ਹੈ। (ਬ੍ਰਾਹਮਣ ਵਿਸ਼ਨੂੰ ਦੇ ਮੁਖ ਵਿਚੋਂ ਪੈਦਾ ਹੋਏ ਹੋਣ ਕਰਕੇ ਸ਼੍ਰੇਸ਼ਟ, ਖੱਤਰੀ ਭੁਜਾਵਾਂ ਵਿਚੋਂ ਪੈਦਾ ਹੋਣ ਕਰਕੇ ਬਿਪਰ ਨਾਲੋਂ ਥੋੜਾ ਘੱਟ ਮਹੱਤਵਪੂਰਨ, ਵੈਸ ਪੇਟ ਵਿਚੋਂ ਪੈਦਾ ਹੋਣ ਕਰਕੇ ਉਪਰੋਕਤ ਦੋਹਾਂ ਤੋਂ ਨਖਿਧ ਅਤੇ ਸ਼ੂਦਰ ਪੈਰਾਂ ਵਿਚੋਂ ਪੈਦਾ ਹੋਣ ਕਰਕੇ ਮਹਾਂ ਨਖਿਧ ਗਰਦਾਨਿਆ ਗਿਆ) ਸਤਿਕਾਰਯੋਗ ਲੀਡਰ ਸਾਹਿਬਾਨ ਭਾਰਤ ਵਿਚ ਜਾਤ-ਪਾਤ ਅਤੇ ਵਰਣ ਵੰਡ ਵਰਗੇ ਸਿਆਪੇ ਦੀ ਜੜ ਇਹੋ ਮਹਾਨ ਗ੍ਰੰਥ ਹੈ। ਹੁਣ ਤੁਸੀਂ ਇਸ ਨੂੰ ਦੁਨੀਆਂ ਦਾ ਪਹਿਲਾ ਅੱਤਵਾਦੀ ਮੈਨੀਫੈਸਟੋ ਮੰਨੋ ਭਾਵੇਂ ਨਾ ਮੰਨੋ ਇਹ ਤੁਹਾਡੀ ਮਰਜ਼ੀ ਉਤੇ ਨਿਰਭਰ ਹੈ।

੨. **ਚਾਨਕਿਯਾ ਨੀਤੀ** :- ਇਸ ਗ੍ਰੰਥ ਦੇ ਰਚੈਤਾ ਪੰਡਤ ਵਿਸ਼ਨੂੰ ਗੁਪਤ ਦੇ ਜਾਹਰ ਰਾਜਨੀਤਕ ਸ਼ੁਤਰ ਵਿਚ ਦਾਮ, ਦੰਡ, ਸ਼ਾਮ, ਭੇਦ ਦੀ ਨੀਤੀ ਦਾ ਵਰਣਨ ਹੈ। ਜਿਸ ਉਤੇ ਅੱਜ ਤੱਕ ਦਾ ਸਾਰਾ ਭਾਰਤੀ ਤੰਤਰ ਖੜਾ ਹੈ। ਸੋ ਇਸ ਮਹਾਨ ਰਚਨਾ ਜਿਸ ਵਿਚ ਪਾੜੋ ਤੇ ਰਾਜ ਕਰੋ ਦੀ ਨੀਤੀ ਹੀ ਨਹੀਂ ਸਗੋਂ ਦਾਮ (ਜਿਸਦਾ ਅਰਥ ਖ੍ਰੀਦੋ) ਸ਼ਾਮ (ਸਮਝਾਓ, ਭਾਵ ਚਤੁਰਾਈ ਨਾਲ ਆਪਣੇ ਵੱਲ ਕਰ ਲਵੋ) ਦੰਡ (ਜੇ ਨਹੀਂ ਮੰਨਦਾ ਤਾਂ ਮਾਰ ਦੇਵੋ ਭਾਵ ਝੂਠਾ ਪੁਲਿਸ ਮੁਕਾਬਲਾ ਬਣਾ ਲਵੋ) ਦਾ ਅੱਤਵਾਦੀ ਸੰਦੇਸ਼ ਦਿੱਤਾ ਹੋਇਆ ਹੈ। ਇਸ ਗ੍ਰੰਥ ਨੂੰ ਅੱਤਵਾਦੀ ਸਮਝਣ ਦੀ ਆਸ ਆਪ ਦੋਹਾਂ ਰਾਜਨੀਤਕ ਧਿਰਾਂ ਤੋਂ ਕਰਨੀ ਤਾਂ ਝੋਟਿਆਂ ਦੇ ਘਰੋਂ ਲੱਸੀ ਭਾਲਣ ਵਾਲੀ ਗੱਲ ਹੈ। ਕਿਉਂਕਿ ਆਪ ਦੋਹੇਂ ਧਿਰਾਂ ਭਾਰਤੀ ਹਿੰਦੂਸ਼ਾਹੀ ਦੀ ਇਨ੍ਹਾਂ ਮਹਾਨ ਗ੍ਰੰਥਾਂ ਵਿਚੋਂ ਉਪਜੀ ਹੋਈ ਪਵਿਤਰ ਰਾਜਨੀਤਕ ਪ੍ਰਣਾਲੀ (ਗਿਣਤੰਤਰ) ਉਤੇ ਅੰਨੀ ਸ਼ਰਧਾ ਰੱਖਦੇ ਹੋ। ਚੱਲੋ ਹੁਣ ਅੱਗੇ ਚੱਲਿਆ ਜਾਵੇ। ਸਤਿਕਾਰਯੋਗ ਲੀਡਰ ਸਾਹਿਬਾਨ ਗੁਸਤਾਖੀ ਮੁਆਫ਼ ਅਸੀਂ ਦੁਬਾਰਾ ਯਾਦ ਦਿਵਾ ਦਈਏ ਆਪਣਾ ਵਿਸ਼ਾ "ਅੱਤਵਾਦੀ ਕੌਣ ?' ਹੈ। ਜਿਸ ਵਿਚ ਹਲੇ ਤਾਂ ਨੰਬਰਿੰਗ ਹੀ ਚੱਲੀ ਹੈ ਪੂਰੀ ਫ਼ਿਲਮ ਤਾਂ ਬਾਕੀ ਪਈ ਹੈ।

ਇਤਿਹਾਸਕ ਅੱਤਵਾਦ :- ਗ੍ਰੰਥਾਂ ਤੋਂ ਬਾਅਦ ਆਉ ਹੁਣ ਬੁਧ ਕਾਲ ਸਮੇਂ ਦੀ ਹਿੰਦੂ ਅੱਤਵਾਦ ਤੇ ਵੀ ਮਾੜੀ ਜਿਹੀ ਨਜ਼ਰ ਮਾਰਦੇ ਚੱਲੀਏ.... ਇਧਰ ਸੇ ਗੁਜ਼ਰਾ ਥਾ ਸੋਚਾ ਸਲਾਮ ਕਰਤਾ ਚਲੂੰ, ਬੁਧ ਧਰਮ ਤੇ ਹਿੰਦੂ ਅੱਤਵਾਦੀ ਧਰਮ ਵਿਚਲੇ ਫਰਕਾਂ ਦਾ ਆਪ ਨੂੰ ਭਲੀ ਭਾਂਤ ਪਤਾ ਹੀ ਹੋਵੇਗਾ। ਜਿਥੇ ਬੁਧ ਧਰਮ ਵਰਗਾ ਮਹਾਨ ਫਲਸਫਾ ਮਨੁੱਖੀ ਬਰਾਬਰੀ ਇਨਸਾਨੀ ਪਿਆਰ, ਸਹਿਨਸ਼ੀਲਤਾ, ਅਹਿੰਸਾ ਪਰਮੋ ਧਰਮ ਤੇ ਮਨੁਖੀ ਮੁਕਤੀ ਦੀ ਗੱਲ ਕਰਦਾ ਹੈ, ਉਥੇ ਹਿੰਦੂ ਅੱਤਵਾਦੀ ਦਰਸ਼ਨ ੩੩ ਕਰੋੜ ਦੇਵੀ ਦੇਵਤੇ, ਵਰਣ ਵੰਡ, ਜਾਤ ਪਾਤ ਸਤੀ ਪ੍ਰਥਾ ਇਸਤਰੀ ਨਰਕ ਦਾ ਦੁਆਰ, ਆਦਿਕ ਕੁਤਰਕਾਂ ਦਾ ਹਾਮੀ ਹੈ। ਚਾਨਕਿਯਾ ਦੇ ਪਹਿਲੇ ਚੇਲੇ ਚੰਦਰ ਗੁਪਤ ਮੌਰੀਆ ਦੇ ਵੰਸ਼ ਵਿਚੋਂ ਅੱਗੇ ਜਾ ਕੇ ਮਹਾਰਾਜਾ ਅਸ਼ੋਕ ਦੇ ਬੁੱਧ ਧਰਮ ਧਾਰਨ ਕਰਨ ਤੋਂ ਬਾਅਦ ਬੁਧ ਫਲਸਫਾ ਪੂਰੇ ਭਾਰਤ ਵਿਚ ਪੂਰੀ ਤਰ੍ਹਾਂ ਛਾ ਗਿਆ। "ਰਾਜ ਬਿਨਾ ਨਹਿ ਧਰਮ ਚਲੇ ਹੈ ਦੇ ਮਹਾਨ ਗੁਰਵਾਕਾਂ ਅਨੁਸਾਰ ਰਾਜ ਹੀਣ ਲੋਕਾਂ ਦੇ ਧਰਮ ਵੀ ਸਮਾਪਤ ਹੋ ਜਾਇਆ ਕਰਦੇ ਹਨ। ਸੋ ਅਸ਼ੋਕ ਕਾਲ ਵਿਚ ਪ੍ਰਫੁਲਤ ਹੋਇਆ ਬੁਧ ਧਰਮ ਭਲਾ ਬ੍ਰਾਹਮਣਵਾਦੀ ਅੱਤਵਾਦੀਆਂ ਦੀਆਂ ਨਜ਼ਰਾਂ ਤੇ ਹਿੰਦੂ ਅੱਤਵਾਦੀ ਰਾਜਿਆਂ ਦੀਆਂ ਨਜ਼ਰਾਂ ਵਿਚ ਕੋਕੜ ਵਾਂਗ ਕਿਉਂ ਨਾ ਰੜਕਦਾ ? ਸੋ ਮਹਾਨ ਅਸ਼ੋਕ ਦੀ ਮੌਤ ਤੋਂ ਬਾਅਦ ਬਿਪਰਾਂ ਦੇ ਕਹਿਣ ਤੇ ਮਹਾਨ ਬੁਧ ਧਰਮ ਦਾ ਹਿੰਦੂ ਅੱਤਵਾਦੀਆਂ ਵੱਲੋਂ ਸਰਵਨਾਸ਼ ਕਰ ਦਿੱਤਾ ਗਿਆ। ਹਜ਼ਾਰਾਂ ਨਹੀਂ ਲੱਖਾਂ ਬੋਧੀ ਮੰਦਰਾਂ ਨੂੰ ਮਿਟੀ ਵਿਚ ਮਿਲਾ ਦਿੱਤਾ ਗਿਆ। ਬੋਧ ਕੰਨਿਆਵਾਂ ਸ਼ੰਕਰਾਚਾਰੀਆ ਦੇ ਚੇਲਿਆਂ ਦੇ ਬਲਾਤਕਾਰ ਦਾ ਸ਼ਿਕਾਰ ਹੋਈਆਂ। ਪਰ ਆਪਣੀ ਹੋਂਦ ਨੂੰ ਬਚਾਉਣ ਲਈ ਵਿਚਾਰੇ ਬੋਧੀ ਭਿਕਸ਼ੂਆਂ ਨੂੰ ਚੀਨ, ਬਰਮਾ, ਥਾਈਲੈਂਡ, ਕੰਬੋਡੀਆ ਅਤੇ ਜਪਾਨ ਆਦਿਕ ਦੇਸ਼ਾਂ ਵਿਚ ਜਾਣਾ ਪਿਆ ਜਿਥੇ ਬਾਅਦ ਵਿਚ ਇਹ ਧਰਮ ਆਪਣੀਆਂ ਜੜਾਂ ਲਾਉਣ ਵਿਚ ਕਾਮਯਾਬ ਹੋਇਆ। ਬ੍ਰਾਹਮਣਵਾਦੀਆਂ, ਹਿੰਦੂ ਰਾਜਿਆਂ, ਸ਼ੰਕਰਾਚਾਰੀਆ ਅਤੇ ਇਸ ਦੇ ਚੇਲਿਆਂ ਵੱਲੋਂ ਬੁਧ ਧਰਮ ਦੇ ਅਨੁਆਈਆਂ ਉਤੇ ਢਾਹੇ ਜ਼ੁਲਮ ਇਤਿਹਾਸਕ ਅੱਤਵਾਦ ਨਹੀਂ ਤਾਂ ਹੋਰ ਕੀ ਹਨ? ਕੀ ਆਪ ਜੀ ਦਾ ਸਦਨ ਕਦੇ ਇਤਿਹਾਸਕ ਅੱਤਵਾਦ ਦੇ ਇਸ ਕਾਲੇ ਦੌਰ ਬਾਰੇ ਕੋਈ ਸਾਰਥਕ ਬਹਿਸ ਕਰਵਾਉਣ ਲਈ ਤਿਆਰ ਹੋ ਸਕਦਾ ਹੈ? ਜੇਕਰ ਕਦੇ ਅਜਿਹਾ ਮੌਕਾ ਆਉਂਦਾ ਹੈ ਕਿ ਇਸ ਵਿਸ਼ੇ ਤੇ ਖੁੱਲੀ ਬਹਿਸ ਹੋ ਸਕੇ ਤਾਂ ਅਸੀਂ ਇਤਿਹਾਸਕ ਗ੍ਰੰਥਾਂ ਬੋਧੀ ਵਿਦਵਾਨਾਂ ਹਿੰਦੂ ਅੱਤਵਾਦੀ ਗ੍ਰੰਥਾਂ ਅਤੇ ਸਤਿਕਾਰ ਯੋਗ ਡਾ. ਭੀਮ ਰਾਓ ਅੰਬੇਦਕਰ ਜੀ ਦੀ ਸਮੁੱਚੀ ਰਚਨਾ ਅਤੇ ਦਲਿਤ ਸਾਹਿਤ ਦੇ ਹਵਾਲਿਆਂ ਸਮੇਤ ਹਾਜ਼ਰ ਹੋਣ ਲਈ ਤਿਆਰ ਹਾਂ।

ਸਤਿਕਾਰਯੋਗ ਲੀਡਰ ਸਾਹਿਬਾਨ ਵੈਸੇ ਆਪ ਦੋਨੋ ਸੁਲਝੇ ਹੋਏ ਭੱਦਰ ਪੁਰਸ਼ ਸਿਖ ਕੌਮ ਵਿਚੋਂ ਹੀ ਹੋ ਜਾਂ ਇਉਂ ਕਹਿ ਲਿਆ ਜਾਵੇ ਕਿ ਕਾਦਰ ਦੀ ਕੁਦਰਤ ਨੇ ਤੁਹਾਨੂੰ ਸਿਖਾਂ ਦੇ ਸਿਰਮੌਰ ਘਰਾਨਿਆਂ ਵਿਚ ਜਨਮ ਦਿੱਤਾ ਹੈ ਸੋ ਸਿਖ ਇਤਿਹਾਸ ਦੀ ਵਾਕਫੀਅਤ ਤਾਂ ਭਲੀ ਪ੍ਰਕਾਰ (ਦੋਹਾਂ ਧਿਰਾਂ ਨੂੰ) ਹੋਵੇਗੀ ਹੀ? ਪਰ ਫਿਰ ਅਸੀਂ ਸਵਾਲ ਕਰਨਾ ਚਾਹੁੰਦੇ ਹਾਂ ਕਿ ਸਿਖ ਇਤਿਹਾਸ ਦੇ ਉਨ੍ਹਾਂ ਪਾਤਰਾਂ ਜਿਨ੍ਹਾਂ ਨੂੰ ਸਾਡੀ ਕੁਲਛਣੀ ਜਿਹੀ ਸੋਚ ਤਾਂ ਅੱਤਵਾਦੀ ਹੀ ਸਮਝਦੀ ਹੈ ਆਪ ਕੀ ਸਮਝਦੇ ਹੋ ? ਇਤਿਹਾਸਕ ਬ੍ਰਾਹਮਣਵਾਦੀ ਅੱਤਵਾਦੀਆਂ ਦਾ ਸੰਖੇਪ ਜ਼ਿਕਰ ਕਰਨ ਲੱਗੇ ਹਾਂ।

੧. **ਚੰਦੂ** :- ਜਿਸ ਨੇ ਗੁਰੂ ਘਰ ਨੀਵਾਂ ਦਿਖਾਉਣ ਲਈ ਚੁਬਾਰੇ ਦੀ ਇੱਟ ਬਾਰੀ ਨੂੰ ਲਾਉਣ ਦਾ ਮੇਹਣਾ ਮਾਰਿਆ। ਇਹ ਗੰਦਾ ਅੱਤਵਾਦੀ ਕੀੜਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁਖ ਕਾਰਨ ਬਣਿਆ। ਸਤਿਗੁਰੂ ਦੇ ਸੀਸ ਵਿਚ ਆਪਣੇ ਸਾਹਮਣੇ ਤੱਤੀ ਰੇਤ ਪਵਾਉਂਦਾ ਅਤੇ ਸਤਿਗੁਰੂ ਜੀ ਦੀ ਸ਼ਹੀਦੀ ਦਾ ਇਕ ਕਾਰਨ ਬਣਿਆ।
੨. **ਗੰਗੂ ਬ੍ਰਾਹਮਣ** :- ਇਹ ਗਦਾਰ ਜਿਸ ਦਾ ਤੁਖਮ ਅੱਜ ਤੱਕ ਤੁਹਾਡੀ ਕਾਂਗਰਸੀ ਸਰਕਾਰ ਦੇ ਲੀਡਰਾਂ ਦੇ ਘਰੇ ਪਲ ਰਿਹਾ ਹੈ। ਜਿਸ ਨੇ ਗੁਰੂ ਘਰ ਦਾ ਲੂਣ ਖਾਕੇ ਹਰਾਮ ਕੀਤਾ ਅਤੇ ਸਤਿਗੁਰੂ ਦੇ ਸ਼ੀਰ ਖੋਰ ਸਾਹਿਬਜਾਦਿਆਂ ਨੂੰ ਨੀਂਹਾਂ ਵਿਚ ਚਿਣਵਾਉਣ ਲਈ ਜ਼ਿੰਮੇਵਾਰ ਬਣਿਆ।
੩. **ਪਹਾੜੀ ਰਾਜੇ** :- ਗੁਰੂ ਸਾਹਿਬ ਜੀ ਦੇ ਜਾਤ-ਪਾਤ ਨਾਸ਼ਿਨੀ ਖੰਡੇ-ਬਾਟੇ ਦੇ ਅੰਮ੍ਰਿਤ ਤੋਂ ਈਰਖਾ ਕਰਨ ਵਾਲੇ ਹਿੰਦੂ ਪਹਾੜੀ ਰਾਜੇ, ਜਿਨਾਂ ਵਿਚ ਗੁਰੂ ਘਰ ਨਾਲ ਬਿਨਾਂ ਮਤਲਬ ਪੰਗਾ ਸਹੇੜਣ ਵਾਲੇ ਭੀਮ ਚੰਦ, ਫਤੇ ਸ਼ਾਹ ਵਰਗੇ ਆਉਂਦੇ ਹਨ। ਜਿਹੜੇ ਗੁਰੂ ਘਰ ਤੇ ਚੜ੍ਹ-ਚੜ੍ਹ ਆਉਂਦੇ ਰਹੇ। ਆਟੇ ਦੀਆਂ ਗਊਆਂ ਬਣਾ ਕੇ ਗੀਤਾ ਤੇ ਹੱਥ ਰੱਖ ਕੇ ਜਿਨਾਂ ਨੇ ਕਸਮਾਂ ਖਾਧੀਆਂ ਪਰ ਤੋੜ ਨਾ ਨਿਭਾਈਆਂ।

ਇਹ ਉਪਰੋਕਤ ਬਿਪਰਵਾਦੀ ਖੇਮੇ ਦੇ ਗਦਾਰਾਂ ਨੂੰ ਕਿਹੜੇ ਖੇਮੇ ਵਿਚ ਰੱਖਦੇ ਹੋ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ ?
ਮਹਾਰਾਜਾ ਰਣਜੀਤ ਸਿੰਘ ਕਾਲ :- ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਸਮੇਂ ਆਪਣੀ ਸਕੀ ਭੈਣ ਦਾ ਡੋਲਾ (ਮਹਾਰਾਣੀ ਪਹਾੜਣ) ਮਹਾਰਾਜਾ ਸਾਹਿਬ ਨੂੰ ਦੇ ਕੇ ਜਿਨਾਂ ਨੇ ਸਿਖ ਰਾਜ ਵਿਚ ਘੁਸਪੈਠ ਕੀਤੀ ਅਤੇ ਰਾਜਾ ਧਿਆਨ ਸਿੰਘ ਵਰਗੇ ਮਹਾਰਾਜਾ ਸਾਹਿਬ ਦੀ ਉਦਾਰਣਵਾਦੀ ਨੀਤੀ ਦਾ ਨਜ਼ਾਇਜ਼ ਫ਼ਾਇਦਾ ਉਠਾਉਂਦੇ ਹੋਏ ਪ੍ਰਧਾਨ ਮੰਤਰੀ ਤੱਕ ਦੇ ਅਹੁਦੇ ਤੱਕ ਪਹੁੰਚ ਗਏ। ਬਾਅਦ ਵਿਚ ਇਹੋ ਨਮਕ ਹਰਾਮੀ ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਖੜਕ ਸਿੰਘ, ਸ. ਸ਼ਾਮ ਸਿੰਘ ਅਟਾਰੀ, ਮਹਾਰਾਣੀ ਜਿੰਦ ਕੌਰ, ਸ. ਅਜੀਤ ਸਿੰਘ ਸੰਧਾਵਾਲੀਆ, ਸ. ਲਹਿਣਾ ਸਿੰਘ ਆਦਿਕ ਸਿਖ ਸਰਦਾਰਾਂ ਦੀ ਮੌਤ ਦਾ ਕਾਰਨ ਬਣੇ। ਇਨ੍ਹਾਂ ਪਾਪੀਆਂ ਨੇ ਹੀ ਸਿੱਖ ਫ਼ੌਜਾਂ ਨੂੰ ਸੰਤ ਸਰੂਪ ਭਾਈ ਬੀਰ ਸਿੰਘ ਵਰਗੇ ਮਹਾਪੁਰਸ਼ ਦੇ ਵਿਰੁਧ ਭੜਕਾਇਆ ਅਤੇ ਅੰਤ ਸਿਖ ਰਾਜ ਦੇ ਪਤਨ ਦਾ ਕਾਰਨ ਬਣੇ ਕੀ ਤੁਸੀਂ ਦੋਨੋਂ ਧਿਰਾਂ ਇਨ੍ਹਾਂ ਨੂੰ ਦੇਸ਼ ਦੇ ਗਦਾਰ ਤੇ ਅੱਤਵਾਦੀ ਨਹੀਂ ਮੰਨਦੇ ? ਪੰਜਾਂ ਪਾਣੀਆਂ ਦੀ ਧਰਤੀ ਉਤੇ ਅੰਗ੍ਰੇਜ਼ਾਂ ਨਾਲ ਚੜ੍ਹਕੇ ਆਇਆ ਹਿੰਦੂ ਮੁਲਖਈਆ ਜਿਸ ਬਾਰੇ ਸਾਹਮ ਮੁਹੰਮਦ ਨੂੰ ਵੀ ਲਿਖਣਾ ਪਿਆ "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ....." ਅਤੇ "ਸਿੰਘਾਂ ਮਾਰ ਕੇ ਕਟਕ ਮੁਕਾਏ ਵੱਡੇ ਹਿੰਦੋਸਤਾਨੀ ਪੂਰਬੀ ਦੱਖਣੀ ਜੀ......" ਇਨ੍ਹਾਂ ਨੂੰ ਇਤਿਹਾਸਕ ਅੱਤਵਾਦੀ ਅਤੇ ਪੰਜਾਬ ਦੇਸ਼ ਦੇ ਗਦਾਰ ਕਦੋਂ ਐਲਾਨ ਕਰੋਗੇ ?

**ਅੰਗਰੇਜ਼ ਕਾਲ :-** ਅੰਗਰੇਜ਼ ਕਾਲ ਸਮੇਂ, ਕਰਤਾਰ ਸਿੰਘ ਸਰਾਭੇ ਵਰਗੇ ਯੋਧਿਆਂ ਨੂੰ ਫ਼ਾਂਸੀ ਚੜਵਾਉਣ ਤੋਂ ਬਾਅਦ ਪਰਮਾ ਨੰਦ, ਵੀਰ ਸਾਵਰਕਰ ਆਦਿਕ ਗਦਾਰ ਅਤੇ ਕਾਂਗਰਸ ਦੇ ਸ਼ਾਂਤੀ ਪਸੰਦ ਲੀਡਰ ਗਾਂਧੀ ਦਾ ਮੰਜ਼ਾ ਠੋਕਣ ਵਾਲੇ ਨੱਥੂ ਰਾਮ ਗੌਡਸੇ ਜੋ ਕਿ ਇਕ ਵਿਸ਼ਵ ਪ੍ਰਸਿੱਧ ਅੱਤਵਾਦੀ ਸੀ, ਉਸ ਨੂੰ ਤੁਹਾਡੀ ਸਿਆਣੀ ਸਭਾ ਕਦੋਂ ਅੱਤਵਾਦੀ ਕਹੇਗੀ ? ਸਾਨੂੰ ਸਮੇਂ ਦਾ ਇੰਤਜ਼ਾਰ ਰਹੇਗਾ। ਜੇਕਰ ਉਪਰੋਕਤ ਜਿਕਰ ਕੀਤੇ ਭੱਦਰ ਪੁਰਸ਼ਾਂ ਵਿਚੋਂ ਕਿਸੇ ਦੇ ਅੱਤਵਾਦੀ ਹੋਣ ਬਾਰੇ ਕੋਈ ਸ਼ੱਕ ਹੋਵੇ ਤਾਂ ਸਾਨੂੰ ਆਖਣਾ ਅਸੀਂ ਇਤਿਹਾਸਕ ਦਸਤਾਵੇਜਾਂ ਸਮੇਤ ਹਾਜ਼ਰ ਹੋਵਾਂਗੇ।

**ਆਰ.ਐੱਸ.ਐੱਸ. ਅਤੇ ਇਸ ਦੇ ਸਾਥੀ ਅੱਤਵਾਦੀ ਸੰਗਠਨ :-**ਸਤਿਕਾਰਯੋਗ ਕੈਪਟਨ ਸਾਹਿਬ ਅਤੇ ਬਾਦਲ ਜੀ ਸ਼ਾਇਦ ਆਪ ਜੀ ਨੂੰ ਪਤਾ ਹੀ ਹੋਵੇਗਾ ਕਿ ੧੯੨੦ ਵਿਚ ਇਕ ਹਿੰਦੂ ਹਿੰਦੀ ਹਿੰਦੋਸਤਾਨ ਦਾ ਹਾਮੀ ਸੰਗਠਨ ਆਰ.ਐੱਸ.ਐੱਸ. ਹੋਂਦ ਵਿਚ ਆਇਆ। ਜਿਸ ਦੇ ਸਿਆਸੀ ਵਿੰਗ ਭਾਜਪਾ ਨਾਲ ਬਾਦਲ ਸਾਹਿਬ ਦੇ ਧੜੇ ਦੀ ਗੂਹੜੀ ਯਾਰੀ ਹੈ। ਇਸ ਸੰਗਠਨ ਦਾ ਨਿਸ਼ਾਨਾਂ ਕੰਨਿਆਂ ਕੁਮਾਰੀ ਤੋਂ ਲੈ ਕੇ ਹਿੰਦੂਕੁਸ਼ ਦੀਆਂ ਪਹਾੜੀਆਂ ਤੱਕ ਹਿੰਦੂ ਦੇਸ਼ ਹੋਂਦ ਵਿਚ ਲਿਆਉਣ ਦਾ ਹੈ। ਅਗਰ ਹਿੰਦੁਸਤਾਨ ਮੇ ਰਹਿਨਾ ਹੋਗਾ ਤੋ ਹਿੰਦੂ ਹਿਤਮੇ ਕਹਿਨਾ ਹੋਗਾ ਦੇ ਨਾਅਰੇ ਲਾਉਣਾ ਇਨ੍ਹਾਂ ਦਾ ਪਰਮ ਕਰਤੱਵ ਹੈ। ੧੯੪੭ ਤੋਂ ਲੈ ਕੇ ੧੯੯੨ ਤੱਕ ਮੇਰਠ, ਭਵਿੰਡੀ, ਬੰਬਈ, ਅਹਿਮਦਾਬਾਦ ਅਤੇ ਦੇਸ਼ ਦੇ ਹੋਰਨਾਂ ਥਾਂਵਾਂ ਤੇ ਇਸ ਸਗੰਠਨ ਨੇ ੭੦ ਤੋਂ ਵੀ ਵੱਧ ਵਾਰ ਫਿਰਕੂ ਦੰਗੇ ਭੜਕਾਏ ਅਤੇ ੫੦ ਹਜ਼ਾਰ ਤੋਂ ਵੱਧ ਮੁਸਲਮਾਨਾਂ ਦਾ ਕਤਲ ਕੀਤਾ। ਇਸੇ ਸਗੰਠਨ ਤੇ ਇਸ ਦੇ ਸਹਿਯੋਗੀ ਸਗੰਠਨਾਂ ਨੇ ੧੯੯੨ ਵਿਚ ਬਾਬਰੀ ਮਸਜ਼ਿਦ ਤੋੜੀ। ੨੦੦੨ ਵਿਚ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਨੂੰ ਜਿੰਦਾ ਜਲਾ ਦਿੱਤਾ ਹਜ਼ਾਰਾਂ ਨੰਨਜ਼ ਨਾਲ ਬਲਾਤਕਾਰ ਕੀਤੇ। ਕੀ ਤੁਹਾਨੂੰ ਇਨ੍ਹਾਂ ਦੇ ਫਿਰਕੂ ਲੀਡਰ, ਅਡਵਾਨੀ, ਵਾਜਪਾਈ, ਸਿੰਘਲ, ਤੋਗੜੀਆ, ਬਾਲ ਠਾਕਰੇ, ਮੋਦੀ, ਬਾਬਰੀ ਮਸਜਿਦ ਨੂੰ ਡੇਗਣ ਲਈ ਜ਼ਿੰਮੇਵਾਰ ਉਮਾ ਭਾਰਤੀ, ਸਾਧਵੀ ਰਿਤੰਬਰਾ, ਗੋਵਿਦਅਚਾਰੀਆ, ਇਨ੍ਹਾਂ ਦੇ ਅੱਤਵਾਦੀ ਗੁੱਟ, ਸ਼ਿਵ ਸੈਨਾ, ਬਜ਼ਰੰਗ ਦਲ, ਆਰ.ਐੱਸ.ਐੱਸ. ਆਦਿਕ ਕਦੇ ਅੱਤਵਾਦੀ ਦਿਖਾਈ ਦੇਣਗੇ ? ਸ਼ਰ੍ਹੇਆਮ ਤ੍ਰਿਸ਼ੂਲ ਵੰਡਣਾ, ਘੱਟ ਗਿਣਤੀਆਂ ਨੂੰ ਧਮਕਾਉਣਾ ਅੱਤਵਾਦ ਨਹੀਂ ਤਾਂ ਹੋਰ ਕੀ ਹੈ ? ਅਮਰੀਕਾ

**ਆਓ ਹੁਣ ਪੰਜਾਬ ਵੱਲ ਨੂੰ ਮੁੜਿਆ ਜਾਵੇ :-** ਸਤਿਕਾਰਯੋਗ ਰਾਜਾ ਸਾਹਿਬ ਅਤੇ ਬਾਦਲ ਬਹਿਸ ਵਿਚ ਆਪ ਦੋਹਾਂ ਧਿਰਾਂ ਸਿਖ ਖਾੜਕੂ ਵਰਗ ਨੂੰ ਗਲਤ, ਨਜ਼ਰੀਏ ਨਾਲ ਦੇਖਦੇ ਰਹੇ ਹੋ। ਹੈਰਾਨੀ ਦੀ ਗੱਲ ਹੈ ਕਿ ਬਾਦਲ ਸਾਹਿਬ ਉਨ੍ਹਾਂ ਨੂੰ ਅੱਤਵਾਦੀ ਅਤੇ ਆਪ ਜੀ "ਲੜਕੇ ਜਾਂ ਬੱਚੇ" ਕਹਿ ਕੇ ਸੰਬੋਧਨ ਕਰਦੇ ਰਹੇ ਹੋ। ਸਤਿਕਾਰਯੋਗ ਰਾਜਾ ਜਨੋ ਭਾਵੇਂ ਕਿ ਅਸੀਂ ਜਾਣਦੇ ਹਾਂ ਤੁਹਾਡੇ ਵੱਲੋਂ ਉਨ੍ਹਾਂ (ਸਿੱਖ ਖਾੜਕੂ ਧਿਰਾਂ) ਨੂੰ ਅੱਤਵਾਦੀ ਕਹਿਣਾ ਸਰਾਸਰ ਗਲਤ ਹੈ ਪਰ ਫਿਰ ਵੀ ਆਪ ਜੀ ਦੀ ਜਾਣਕਾਰੀ ਵਿਚ ਵਾਧੇ ਲਈ ਸਿੱਖ ਸੰਘਰਸ਼ ਵੇਲੇ ਦੇ ਅਸਲੀ ਅੱਤਵਾਦੀਆਂ ਦੀ ਗੱਲ ਕਰਨੀ ਜ਼ਰੂਰੀ ਸਮਝਦੇ ਹਾਂ। ਭਾਵੇਂ ਕਿ ਭਾਰਤੀ ਅੱਤਵਾਦੀ ਤੰਤਰ ਨੇ ਸੰਨ ੧੯੪੭ ਤੋਂ ਹੀ ਅਨੇਕਾਂ ਵਾਰ ਪੰਜਾਬ ਅਤੇ ਸਿੱਖ ਕੌਮ ਨਾਲ ਧ੍ਰੋਹ ਕਰਕੇ ਰਾਜਨੀਤਿਕ ਅਤੇ ਬੌਧਿਕ ਅੱਤਵਾਦ ਕਮਾਇਆ ਹੈ, ਜਿਸ ਦਾ ਜ਼ਿਕਰ ਪੂਰੇ ਤਰਾਂ ਨਾਲ ਕਰ ਸਕਣਾ ਸੰਭਵ ਨਹੀਂ, ਪਰ ਫਿਰ ਵੀ ਚੰਦ ਕੁ ਘਟਨਾਵਾਂ ਵੱਲ ਧਿਆਨ ਦਵਾਉਣਾ ਜਰੂਰੀ ਸਮਝਦੇ ਹਾਂ।

ਸਤਿਕਾਰਯੋਗ ਰਾਜਾ ਸਾਹਿਬ ਜਿਹੜੀ ਕਾਂਗਰਸ ਪਾਰਟੀ ਦੇ ਤੁਸੀ ਮੈਬਰ ਅਤੇ ਲੀਡਰ ਹੋ ਉਸੇ ਕਾਂਗਰਸ ਦੇ ਮਹਾਨ ਚਾਣਕਿਆਵਾਦੀ ਲੀਡਰ ਨਹਿਰੂ ਵੱਲੋਂ ਆਪਣੀ ਕੁਰਸੀ ਖਾਤਰ ਦੇਸ਼ ਦੀ ਵੰਡ ਪ੍ਰਵਾਨ ਕਰ ਲੈਣਾ, ਨਹਿਰੂ, ਗਾਂਧੀ ਵੱਲੋਂ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਮੁਕਰਨਾਂ, ਵੱਲਭ ਭਾਈ ਪਟੇਲ ਵੱਲੋਂ ਬਤੌਰ ਹੋਮ ਮਨਿਸਟਰ ਸਰਕਾਰੀ ਆਰਡੀਨੈਂਸ ਜ਼ਾਰੀ ਕਰ ਦੇਸ਼ ਦੀ ਅਜ਼ਾਦੀ ਲਈ ੮੬% ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ ਦਾ ਲਕਬ ਦੇਣਾ, ਕੀ ਸਿਆਸੀ ਅਤੇ ਬੌਧਿਕ ਅੱਤਵਾਦ ਨਹੀ ਹੈ? ਪੰਜਾਬ ਦੇ ਹੱਕੀ ਮਸਲੇ ਜਿਵੇਂ ਪਾਣੀ, ਰਾਜਧਾਨੀ (ਚੰਡੀਗੜ੍ਹ), ਪੰਜਾਬੀ ਬੋਲਦੇ ਇਲਾਕੇ ਇਤਿਆਦਿਕ ਹੋਰ ਹੱਕੀ ਮੰਗਾਂ ਨੂੰ ਅਣਗੌਲੇ ਕਰਨਾਂ ਸਿੱਧਮ ਸਿੱਧਾ ਸਿਆਸੀ ਅੱਤਵਾਦ ਨਹੀਂ ਤਾਂ ਹੋਰ ਕੀ ਹੈ?

ਕ੍ਰਿਪਾ ਹੁਣ ਤੁਸੀ ਦੋਵੇਂ ਧਿਰਾਂ ਸਤਰਕਤਾ ਸਹਿਤ ਧਿਆਨ ਦੇਣਾ:- ਅੱਤਵਾਦੀ ਕੌਣ? ਦੇ ਛਿੜੇ ਮੁੱਦੇ ਅੰਦਰ ਜੇਕਰ ਸੰਨ ੧੯੭੮ ਦੇ ਘਟਨਾਕ੍ਰਮ ਦੀ ਗੱਲ ਨਾਂ ਕੀਤੀ ਗਈ ਤਾਂ ਬਹਿਸ ਅਧੂਰੀ ਰਹਿ ਜਾਵੇਗੀ। ਸਾਨੂੰ ਸਦ ਅਫ਼ਸੋਸ ਹੁੰਦਾ ਹੈ ਜਦੋਂ ਸਰਦਾਰ ਬਾਦਲ ਸਾਹਿਬ ਆਪ ਜੀ ਵੱਲੋਂ ਸਿੱਖ ਗੱਭਰੂਆਂ ਨੂੰ ਅਤਵਾਦੀ ਵਿਸ਼ੇਸ਼ਣ ਨਾਲ ਨਿਵਾਜਿਆ ਜਾਂਦਾ ਹੈ। ਸਰਮਾਏਦਾਰ ਸਰਦਾਗੜਾ ਸਾਹਿਬ ਜੀ ਇਤਿਹਾਸ ਗਵਾਹ ਹੈ ੧੯੬੮-੭੦ ਵਿਚ ਚੱਲੀ ਨਕਸਲਬਾੜੀ ਲਹਿਰ ਦੇ ਜਾਝਰੂ ਖਾੜਕੂਆਂ ਨੂੰ ਭਾਰਤ ਵਿਚ ਸਭ ਤੋਂ ਪਹਿਲਾਂ ਤੁਹਾਡੇ ਰਾਜ-ਕਾਜ ਵਿਚ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ ਗਿਆ। ਹੁਣ ਤੁਸੀਂ ਹੀ ਦੱਸੋ ੮੦ ਦੇ ਕਰੀਬ ਪੰਜਾਬ ਦੇ ਪੁੱਤਰਾਂ ਨੂੰ ਝੂਠੇ ਮੁਕਾਬਲਿਆਂ ਵਿਚ ਕਤਲ ਕਰਨ ਤੇ ਭਾਰਤ ਵਿਚ ਇਸ ਰਾਹ ਨੂੰ ਖੋਹਲਣ ਦਾ ਸਿਹਰਾ ਆਪ ਜੀ ਦੇ ਸਿਰ ਬਝਦਾ ਹੈ। ਕੀ ਤੁਸੀਂ ਸੱਤਵਾਦੀ ਹੋਣ ਦਾ ਦਾਅਵਾ ਕਰਦੇ ਹੋ? ਹੁਣ ਸੰਨ ੧੯੭੮ ਦੇ ਘਟਨਾਂ ਕ੍ਰਮ ਉਤੇ ਜਦੋਂ ਪੰਜਾਬ ਵਿਚ ਤੁਹਾਡੀ ਸਰਕਾਰ ਸੀ ਅਤੇ ਸੈਂਟਰ ਵਿਚ ਤੁਹਾਡੇ ਸਿਆਸੀ ਭਾਈਵਾਲਾਂ ਭਾਵ ਬੀ.ਜੇ.ਪੀ. ਦੀ ਸਰਕਾਰ ਕੰਮ ਕਰਦੀ ਸੀ। ਸਰਦਾਰੜਾ ਸਾਹਿਬ ਤੁਹਾਡੇ ਸਿਆਸੀ

ਭਾਈਵਾਲਾਂ ਦੀ ਵੋਟ ਸਿਆਸਤ ਪਦਾਇਸ਼ ਨਰਕਧਾਰੀ ਬਾਬਾ ਗੁਰਬਚਨਾਂ ਤੁਹਾਨੂੰ ਅੱਜ ਤੱਕ ਕਦੇ ਅੱਤਵਾਦੀ ਦਿਖਾਈ ਕਿਉਂ ਨਹੀਂ ਦਿੱਤਾ ? ਭੂਤਰੇ ਅੱਤਵਾਦੀ ਸਾਨਾਂ (ਨਰਕਧਾਰੀਆਂ) ਵੱਲੋਂ ਗੁਰੂ ਸਹਿਬਾਨ ਪ੍ਰਤੀ ਅਪਸ਼ਬਦ ਬੋਲਣੇ, ਤੁਹਾਡੀ ਸਰਕਾਰ ਵੱਲੋਂ ਵਿਸਾਖੀ ਦੇ ਅਤਿ ਨਾਜ਼ਕ ਦਿਨ ਉਸ ਨੂੰ ਜਲੂਸ ਕੱਢਣੇ ਤੇ ਜਲਸਾ ਕੱਢਣ ਦੀ ਆਗਿਆ ਦੇਣਾ, ਨਰਕਧਾਰੀਆਂ ਵੱਲੋਂ ੧੩ ਮਸੂਮ ਨਿਹੱਥੇ ਸਿਖਾਂ ਨੂੰ ਕਤਲ ਕਰ ਦੇਣਾ, ਤੁਹਾਨੂੰ ਅੱਤਵਾਦ ਕਿਉਂ ਦਿਖਾਈ ਨਹੀਂ ਦਿੰਦਾ ? ਲੱਗਦੇ ਹੱਥ ਆਪ ਜੀ ਦੀ ਕਾਰਗੁਜ਼ਾਰੀ ਦੀ ਗੱਲ ਵੀ ਕਰ ਲਈ ਜਾਵੇ ਨਰਕਧਾਰੀ ਬਾਬੇ ਨੂੰ ਬਾ ਹਿਫਾਜ਼ਤ ਪੰਜਾਬ ਵਿਚੋਂ ਬਾਹਰ ਕੱਢ ਦੇਣਾ ਸਿੰਘਾਂ ਦੇ ਕੇਸ ਨੂੰ ਪੰਜਾਬ ਤੋਂ ਬਾਹਰ ਭਿਜਵਾ ਦੇਣਾ, ਨਰਕਧਾਰੀ ਅੱਤਵਾਦੀ ਬਾਬੇ ਗੁਰਬਚਨੇ ਨੂੰ ਤੁਹਾਡੇ ਅਖੌਤੀ ਲੋਕਤੰਤਰੀ ਨਿਜ਼ਾਮ ਦੀ ਭਰਿਸ਼ਟ ਨਿਆਪਾਲਕਾ ਵੱਲੋਂ ਸਾਫ਼ ਬਰੀ ਕਰ ਦੇਣਾ, ਤੁਹਾਡੇ ਵੱਲੋਂ ਸ਼ਹੀਦ ਸਿੰਘ ਦੇ ਕੇਸ ਦੀ ਫਾਈਲ ਦੇਣਾ ਕੀ ਤੁਹਾਡੇ ਸਮੇਂ ਦਾ ਸਰਕਾਰੀ ਅੱਤਵਾਦ ਨਹੀਂ ਸੀ ? ਨਰਕਧਾਰੀ ਬਾਬਾ ਗੁਰਬਚਨਾ ਸੀ.ਬੀ.ਆਈ. ਦੁਆਰਾ ਪੇਸ਼ ਕੀਤੀ ਹਾਈ ਪੋਸਟ ਮਾਰਟਮ ਰਿਪੋਰਟ ਮੁਤਾਬਕ ਸ਼ਰਾਬ ਦਾ ਆਦੀ ਹੋਣ ਕਰਕੇ ਗੁਰਦੇ ਅਤੇ ਜ਼ਿਗਰ ਫੇਲ ਹੋਣ ਦਾ ਮਰੀਜ਼ ਪਾਇਆ ਗਿਆ। ਉਸ ਵੱਲੋਂ ਅੰਨੇ ਅਗਨੀ ਸਸ਼ਤਰ ਰੱਖਣਾ ਆਪਣੀ ਫ਼ੌਜ ਬਣਾਉਣਾ ਵਿਭਚਾਰ ਦੇ ਅੱਡੇ ਕਾਇਮ ਕਰਨਾ ਤੁਹਾਨੂੰ (ਦੋਹਾਂ ਧਿਰਾਂ ਨੂੰਹ ਕਦੇ ਅੱਤਵਾਦ ਕਿਉਂ ਨਹੀਂ ਦਿਖਾਈ ਦਿੱਤਾ ? ਤੁਹਾਡੇ ਦੋਹਾਂ ਧਿਰਾਂ ਦੀ ਉਚ ਪੱਧਰੀ ਸਿਆਸੀ ਲੀਡਰਸ਼ਿਪ ਵਲੋਂ ਬਾਬੇ ਨੂੰ ਹੱਲਾਸ਼ੇਰੀ ਦੇਣ ਉਹਦੇ ਡੇਰੇ (ਸ੍ਰੀਮਤੀ ਇੰਦਰ ਗਾਂਧੀ, ਗਿਆਨੀ ਜੈਲ ਸਿਹੁੰ, ਮੋਰਾਰ ਜੀ ਡੇਸਾਈ, ਵਾਜਪਾਈ, ਉਮਰਾ ਨੰਗਲ ਆਦਿਕ) ਉਤੇ ਜਾਣਾ ਕੀ ਫਿਰਕੂ ਸਿਆਸੀ ਤੇ ਸਰਕਾਰੀ ਅੱਤਵਾਦ ਨਹੀਂ ਹੈ ?

ਚੱਲੋ ਖੈਰ! ਮਾੜੇ ਭਾਗ ਪੰਜਾਬ ਦੇ ਤੁਹਾਡੇ (ਦੋਹਾਂ ਧਿਰਾਂ) ਦੀਆਂ ਸਿਆਂਹੀ ਨੀਤੀਆਂ ਦਾ ਅੱਤਵਾਦ ਲੋਕਾਂ ਦੇ ਗਲ ਪੈ ਗਿਆ। ਤੁਹਾਡੀਆਂ ਗਲਤ ਨੀਤੀਆਂ ਅਤੇ ਇਨਸਾਫ਼ ਨਾ ਮਿਲਣ ਕਰਕੇ ਸਿਖ ਨੌਜੁਆਨਾਂ ਅਤੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਮਜ਼ਬੂਰ ਇਨਸਾਫ਼ ਖੋਹਣ ਲਈ ਹਥਿਆਰਬੰਦ ਹੋਣਾ ਪਿਆ ਅਤੇ ਅੱਜ ਹੈਰਾਨੀ ਕੀ ਗੱਲ ਹੈ ਕਿ ਤੁਸੀਂ ਫਿਰ ਇਸ ਅਤਿਅੰਤ ਨਾਜ਼ੁਕ ਮੁਦੇ ਨੂੰ ਸੌੜੀ ਸਿਆਸੀ ਨਜ਼ਰ ਨਾਲ ਤੋਲਦੇ ਨਜ਼ਰ ਆ ਰਹੇ ਹੋ? ੧੯੭੮ ਤੋਂ ਬਾਅਦ ੧੯੮੪ ਤੱਕ ਜੋ ਕੁਝ ਵਾਪਰਿਆ ਉਸ ਵਿਚ ਕੱਛ, ਕੜਾ, ਕੰਘਾ ਅਤੇ ਕ੍ਰਿਪਾਨ ਭੇਜ ਦਿਆਂਗੇ ਪਾਕਿਸਤਾਨ ਸਿਗਰਟ ਬੀੜੀ ਪੀਏਂਗੀ ਸ਼ਾਨ ਸਸੇ ਜੀਏਂਗੇ ਦੇ ਨਾਅਰੇ ਮਾਰਨ ਵਾਲੇ ਲਕਸ਼ਮੀ ਕਾਂਤਾ ਚਾਵਲਾ, ਬਲਦੇਵ ਰਾਜ ਚਾਵਲਾ, ਮਨਚੰਦਾ ਵਰਗੇ ਲੋਕ ਜਿਨਾਂ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਫਿਰਕੂ ਬਿਆਨਾਂ ਤੇ ਨਾਅਰਿਆਂ ਦੇ ਅੱਤਵਾਦ ਨਾਲ ਪਲੀਤ ਕੀਤਾ, ਰੇਲਵੇ ਸਟੇਸ਼ਨ ਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੋੜਿਆ ਅਤੇ ਅੱਜ ਤੱਕ ਜਿਨਾਂ ਦੀ ਸੋਚ ਅੱਤਵਾਦੀ ਅਤੇ ਫਿਰਕੂ ਹੈ ਜਿਨਾਂ ਨੇ ਅਜੇ ਵੀ ਅੰਮ੍ਰਿਤਸਰ ਦੀਆਂ ਕੰਧਾਂ ਅਗਰ ਹਿੰਦੋਸਤਾਨ ‘ਮੇਂ ਰਹਿਨਾ ਹੋਗਾ ਤੋ ਹਿੰਦੂਹਿਤ ਮੇ ਕਹਿਨਾ ਹੋਗਾ’ ਵਰਗੇ ਫਿਰਕੂ ਨਾਅਰੇ ਲਿਖ ਕੇ ਕਾਲੀਆਂ ਕੀਤੀਆਂ ਪਈਆਂ ਹਨ, ਤੁਹਾਡੀ ਸਿਆਣੀ ਸਭਾ ਨੂੰ ਅੱਤਵਾਦੀ ਕਿਉਂ ਨਹੀਂ ਦਿਖਾਈ ਦਿੱਤੇ? ਸਤਿਕਾਰਯੋਗ ਲੀਡਰ ਸਾਹਿਬਾਨ ਤੁਸੀਂ ਉਦੋਂ ਗੌਰ ਨਹੀਂ ਕੀਤਾ ਸਿਰਫ਼ ਆਪਣੀ ਸਿਆਸੀ ਖਿਚੜੀ ਬਣਾਉਣਾ ਵਿਚ ਹੀ ਵਿਅਸਤ ਰਹੇ ਅਤੇ ਨਤੀਜਾ ਸਾਕਾ ਨੀਲਾ ਤਾਰਾ ਵਿਚ ਨਿਕਲਿਆ। ਤੁਹਾਡੀਆਂ ਦੋਹਾਂ ਧਿਰਾਂ ਦੀਆਂ ਨਜ਼ਰਾਂ ਵਿਚ ਸਭ ਤੋਂ ਖਤਰਨਾਕ ਅੱਤਵਾਦੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ, ਭਾਈ ਸੁਖਦੇਵ ਸਿੰਘ ਬੱਬਰ, ਅੱਜ ਵੀ ਸਿੱਖ ਨੌਜੁਆਨ ਮਨਾਂ ਉਤੇ ਰਾਜ ਕਿਉਂ ਕਰ ਰਹੇ ਹਨ? ਕ੍ਰਿਫਾ ਕਰਕੇ ਸੱਚੇ ਮਨ ਨਾਲ ਕਾਰਨ ਖੋਜਣ ਦੀ ਕੋਸ਼ਿਸ਼ ਜ਼ਰੂਰ ਕਰਨਾ ਜੀ।

ਮਹਾਰਾਜਾ ਸਾਹਿਬ ਜਿਹੜੀ ਪਾਰਟੀ ਨਾਲ ਆਪ ਜੀ ਸਬੰਧਤ ਹੋ। ਦੁੱਧ ਧੋਤੀ ਉਹ ਵੀ ਨਹੀਂ ਜਾ ਸਕਦੀ। ਮੰਨ ਲਿਆ ਜਾਵੇ ਕਿ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਜਾਨਸ਼ੀਲ ਸਰਕਾਰੀ ਨਜ਼ਰਾਂ ਵਿਚ ਦੋਸ਼ੀ ਸਨ ਪਰ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਹਮਲਾ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੀ ਕਿਉਂ ਚੁਣਿਆ? ਕੀ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਜਾਨਸ਼ੀਨਮ ਕਿਸੇ ਹੋਰ ਤਰੀਕੇ ਨਾਲ ਗ੍ਰਿਫ਼ਤਾਰ ਕਰਵਾਏ ਜਾਂ ਖਤਮ ਨਹੀਂ ਕਰਵਾਏ ਜਾ ਸਕਦੇ ਸਨ? ਤੁਹਾਡੀ ਰਾਣੀ ਦੀਆਂ ਫ਼ੌਜਾਂ ਵੱਲੋਂ ਯਾਤਰੂਆਂ ਉਪਰ ਤਸ਼ੱਦਦ ਕਰਨਾ, ਕੀਰਤਨੀ ਸਿੰਘਾਂ ਨੂੰ ਮਸ਼ੀਨ ਗੰਨਾਂ ਨਾਮ ਭੁੰਨ ਸੁੱਟਣਾ ਬਜ਼ੁਰਗਾਂ ਬੱਚਿਆਂ ਨੂੰ ਪਿਆਸੇ ਮਾਰਨਾ, ਸੰਗਤਾਂ ਨੂੰ ਜੂਨ ਮਹੀਨੇ ਦੀ ਕੜਕਦੀ ਗਰਮੀ ਵਿਚ ਨੰਗੇ ਕਰਕੇ ਫਰਸ਼ ਤੇ ਲਟਾ ਦੇਣਾ, ਨੌਜੁਆਨ ਬੀਬੀਆਂ ਦੀ ਬੇਪਤੀ ਕਰਨਾ ਕੀ ਸਰਕਾਰੀ ਅੱਤਵਾਦ ਨਹੀਂ ਕਿਹਾ ਜਾ ਸਕਦਾ?

ਉਨ੍ਹਾਂ ਦਿਨਾਂ ਵਿਚ ਆਪ ਜੀ ਨੇ ਸਾਕਾ ਨੀਲਾ ਤਾਰਾ ਦੇ ਹਮਲੇ ਦੇ ਰੋਸ ਵਜੋਂ ਅਸਤੀਫ਼ਾ ਦਿੱਤਾ ਸ਼ਾਇਦ ਆਪ ਜੀ ਦੀ ਸੋਚ ਸਮੇਂ ਉਸ ਸਮੇਂ ਇਸ ਸਾਰੇ ਵਰਤਾਰੇ ਨੂੰ ਅੱਤਵਾਦ ਸਮਝਦੀ ਹੋਵੇਗੀ। ਪਰ ਅੱਜ ਤੁਸੀਂ ਆਪਣੇ ਪਵਿੱਤਰ ਅਖਵਾਉਂਦੇ ਸਦਨ ਵਿਚ ਇਕਲੇ ਭਿੰਡਰਾਂਵਾਲਿਆਂ ਤੇ ਸਿਖ ਗੱਭਰੂਆਂ ਨੂੰ ਕਿਹੜੇ ਮੂੰਹ ਨਾਲ ਅੱਤਵਾਦੀ ਕਹੀ ਜਾ ਰਹੇ ਹੋ? ਸ੍ਰੀ ਮਤੀ ਇੰਦਰਾ ਗਾਂਧੀ ਭਾਰਤੀ ਫ਼ੌਜ ਜਨਰਲ ਵੈਦਿਆ, ਸੁੰਦਰਜੀ, ਬਰਾੜ, ਦਿਆਲ ਵਰਗੇ ਭਾਰਤੀ ਕਹਿੰਦਿਆਂ ਨੂੰ ਅੱਤਵਾਦੀਆਂ ਦੀ ਕਿਹੜੀ ਕੈਟਾਗਰੀ ਵਿਚ ਰੱਖਦੇ ਹੋ? ਦੱਸਣ ਦੀ ਖੇਚਲ ਕਰਨੀ ਜੀ। ਸਾਕਾ ਨੀਲਾ ਤਾਰਾ ਤੋਂ ਪਹਿਲਾਂ ਦਰਬਾਰਾ ਸਿਹੁੰ ਸਰਕਾਰ ਸਮੇਂ ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਗੁਰਮੀਤ ਸਿੰਘ ਧੂਰਕੋਟ ਅਨੇਕਾਂ ਸਿੱਖ ਨੌਜੁਆਨਾਂ ਨੂੰ ਕੋਹ-ਕੋਹ ਕੇ ਕਤਲ ਕਰਨ ਵਾਲੇ ਸਰਕਾਰੀ ਤਾਨਾਸ਼ਾਹਾਂ ਅਤੇ ਸਰਕਾਰੀ ਪੁਲਿਸ ਨੂੰ ਜਿਸ ਨੇ ਪਿੰਡ ਚੁਪਕੀਤੀ ਦੀ ਸਿਖ ਲੜਕੀ (ਲਿਖਦਿਆਂ ਸ਼ਰਮ ਆ ਰਹੀ ਹੈ) ਉਪਰ ਉਸ ਦੇ ਪਿਤਾ ਨੂੰ ਨਿਰਵਸਤਰ ਕਰਕੇ ਲੇਟਾਇਆ ਉਨ੍ਹਾਂ ਨੂੰ ਦੇਸ਼ ਭਾਰਤ ਅੱਤਵਾਦੀਆਂ ਦੀ ਨਵੀਂ ਕੈਟਾਗਰੀ ਵਿਚ ਰੱਖ ਲੈਣਾ ਸੀ।

੧੯੮੪ ਤੋਂ ਬਾਅਦ ਸਮੇਂ ਦੇ ਚੱਕਰ ਨੇ ਰਾਣੀ ਨੂੰ ਕੀਤੇ ਦੀ ਸਜਾ ਦਿੱਤੀ। ਉਸ ਨੂੰ ਮਾਰਨ ਵਿਚ ਜੇਕਰ (ਤੁਹਾਡੇ ਮੁਤਾਬਕ) ਭਾਈ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੂੰ ਦੋਸ਼ੀ ਵੀ ਸਮਝ ਲਿਆ ਜਾਵੇ ਤਾਂ ਭਾਈ ਕੇਹਰ ਸਿੰਘ ਨੂੰ ਨਿਰਦੋਸ਼ ਹੀ ਫ਼ਾਸੀ ਲਾਉਣ ਵਾਲੀਆਂ ਤੁਹਾਡੀਆਂ ਅਦਾਲਤਾਂ ਨੂੰ ਕਨੂੰਨੀ ਅੱਤਵਾਦੀ ਦੀ ਡਿਗਰੀ ਕਦੋਂ ਦੇਵੋਗੇ? ਸ੍ਰੀ ਮਤੀ ਗਾਂਧੀ ਦੀ ਮੌਤ ਬਾਅਦ ਜੋ ਕੁਝ ਦਿੱਲੀ ਤੇ ਹੋਰ ਵਿਚ ਵਾਪਰਿਆ ਉਹ ਤੁਹਾਡੇ ਕੋਲੋ ਗੁੱਝਾ ਨਹੀਂ ਹੋ ਸਕਦਾ। ਦਿੱਲੀ ਕਤਲੇਆਮ ਲਈ ਜ਼ਿੰਮੇਵਾਰ ਤੁਹਾਡੇ ਪਾਰਟੀ ਮੈਂਬਰਾਂ ਭਗਤ, ਟਾਈਟਲਰ, ਲਲਿਤ ਮਾਕਨ ਵਰਗੇ ਅੱਤਵਾਦੀਆਂ ਬਾਰੇ ਕੀ ਖਿਆਲ ਹੈ? ਇਸ ਸਾਰੇ ਭਿਆਨਕ ਘਟਨਾ ਕ੍ਰਮ ਦਾ ਮੁਖ ਜ਼ਿੰਮੇਵਾਰ ਤੁਹਾਡੀ ਪਾਰਟੀ ਪ੍ਰਧਾਨ ਦਾ ਮਹਰੂਮ ਪਤੀ ਪਾਇਲਟ ਰਾਜੀਵ ਗਾਂਧੀ ਜਿਸਨੇ "ਜਬ ਕੋਈ ਬੜਾ ਪੇੜ ਗਿਰਤਾ ਗਵਹੈ ਤੋ ਥੋੜੀ ਸੀ ਜ਼ਮੀਨ ਸਰਪ੍ਰਸਤੀ ਹੇਠ ਹਜ਼ਾਰਾਂ ਸਿਖਾਂ ਨੂੰ ਗਲਾਂ ਵਿਚ ਟਾਇਰ ਪਾ ਕੇ ਜ਼ਿੰਦਾ ਸੜਵਾ ਦਿੱਤਾ ਗਿਆ, ਸਿਖ ਬੱਚੀਆਂ ਨਾਲ ਬਲਾਤਕਾਰ ਹੋਏ ਇਸ ਮਰਹੂਮ ਅੱਤਵਾਦੀ ਸੱਜਣ ਬਾਰੇ ਖੁੱਲ੍ਹੇ ਮਨ ਨਾਲ ਵੀਚਾਰ ਕਰ ਲੈਣਾ। ਕੀ ਇਹ ਜ਼ਿੰਮੇਵਾਰ ਵਿਅਕਤੀ ਨੂੰ ਅੱਤਵਾਦੀਆਂ ਦੀ ਲਿਸਟ ਵਿਚ ਰੱਖਿਆ ਜਾ ਸਕਦਾ ਹੈ? ਜਾਂ ਫਿਰ ਇਸਦੇ ਅੱਤਵਾਦ ਨੂੰ ਕਲਮਬੱਧ ਕਰਨ ਲਈ "ਅੱਤਵਾਦ" ਦੀ ਥਾਂਵੇਂ ਕੋਈ ਹੋਰ ਸ਼ਬਦ ਘੜਵਾ ਪਵੇਗਾ? ਦਿੱਲੀ ਕਤਲੇਆਮ ਦੇ ਪ੍ਰਮੁਖ ਦੋਸ਼ੀਆਂ ਨੂੰ ਤੁਹਾਡੇ ਅਖੌਤੀ ਲੋਕਤੰਤਰ ਨੇ ਅੱਜ ਤੱਕ ਕੋਈ ਸਜਾ ਕਿਉਂ ਨਹੀਂ ਦਿੱਤੀ? ਇਸ ਸਾਰੇ ਵਰਤਾਰੇ ਦੀਆਂ ਜ਼ਿੰਮੇਵਾਰ ਸਾਰੀਆਂ ਧਿਰਾਂ (ਸਿਆਸੀ ਪਾਰਟੀਆਂ, ਨਿਆਪਾਲਕਾ, ਵੋਟਤੰਤਰ) ਕਿਹੜੇ ਪਾਸੇ ਤੋਂ ਸੱਤਵਾਦੀ ਹਨ?

੧੯੮੪ ਦੇ ਘਲੂਘਾਰੇ ਵਿਚੋਂ ਉਪਜੇ ਰੋਹ ਨੇ ਸਿਖ ਨੌਜੁਆਨਾਂ (ਤੁਹਾਡੇ ਮੁਤਾਬਕ ਅੱਤਵਾਦੀ ਜਾਂ ਲੜਕੇ (ਬੱਚੇ)) ਨੂੰ ਅਖੌਤੀ ਭਾਰਤ ਦੇਸ਼ ਵਿ ਅਸੁਰੱਖਿਅਤਾ ਦਾ ਅਹਿਸਾਸ ਕਰਵਾਇਆ ਜੋ ਇਕ ਮੁਖ ਕਾਰਨ ਬਣਿਆ ਸਿਖ ਜਵਾਨੀ ਦੇ ਵਿਦਰੋਹੀ ਹੋਣ ਦਾ। ਲੱਖਾਂ ਨੌਜੁਆਨਾਂ ਨੂੰ ਕਤਲ ਕਰਨ ਵਾਲੇ ਰੇਅ, ਰੀਬੈਰੋ, ਕੇ.ਪੀ.ਐੱਸ. ਗਿਲ ਵਰਗੇ ਸਰਕਾਰੀ ਅੱਤਵਾਦੀਆਂ ਬਾਰੇ ਕੀ ਖਿਆਲ ਹੈ? ਰਾਜਾ ਸਾਹਿਬ ਇਸ ਤੋਂ ਪਹਿਲਾਂ ਤੁਹਾਡੀ ਪਾਰਟੀ ਦੀ ਸਰਕਾਰ ਬੇਅੰਤ ਸਿਹੁੰ ਦੀ ਸਰਕਾਰ ਸਮੇਂ ਸਿਖਾਂ ਤੇ ਹੋਏ ਜ਼ੁਲਮਾਂ ਦੀ ਕਹਾਣੀ ਕਹਿਣ ਲਈ ਮਣਾਂ ਮੂੰਹੀ ਵਰਕੇ ਕਾਲੇ ਕੀਤੇ ਜਾ ਸਕਦੇ ਹਨ। ਸੰਤਾਂ ਦੇ ਭਰਾਤਾ ਭਾਈ ਜਗਜੀਤ ਸਿੰਘ ਰੋਡੇ ਨੂੰ ਕਤਲ ਕਰਕੇ ਰੇਲਵੇਂ ਲਾਇਨ ਉਤੇ ਸੁਟ ਦੇਣਾ, ਬਿਮਲ ਕੌਰ ਖ਼ਾਲਸਾ ਨੂੰ ਉਹਦੇ ਬਾਥਰੂਮ ਵਿਚ ਕਰੰਟ ਲਗਵਾ ਕੇ ਖਤਮ ਕਰਵਾ ਦੇਣਾ, ਜਗਵਿੰਦਰ ਸਿੰਘ ਐਡਵੋਕੇਟ ਕਪੂਰਥਲਾ ਨੂੰ ੧੯੯੮ ਵਿਚ ਤੁਹਾਡੇ ਲੋਕਤੰਤਰ ਦੀ ਅੱਤਵਾਦੀ ਪੁਲਿਸ ਨੇ ਖਤਮ ਕੀਤਾ। ਐਡਵੋਕੇਟ ਕਲਵੰਤ ਸਿੰਘ ਸੈਣੀ ਨੂੰ ਉਸ ਦੀ ਪਤਨੀ ਅਤੇ ਦਸ ਸਾਲ ਦੇ ਮਸੂਮ ਬੱਚੇ ਸਮੇਤ ਮਾਰ ਕੇ ਨਹਿਰ ਵਿਚ ਰੋੜ ਦੇਣਾ, ਜਥੇਦਾਰ ਖੁਡੀਆ ਦਾ ਕਤਲ, ਸੰਗਰੂਰ ਦੇ ਬਡਬਰ ਪਿੰਡ ਤੋਂ ਵਕੀਲ ਸ. ਭੱਟੀ, ਸ੍ਰੀ ਭਗਤ ਸਿੰਘ ਦਾ ਭਾਣਜਾ ਕੁਲਜੀਤ ਸਿੰਘ ਤੁਹਾਡੀ ਨਾਦਰਸ਼ਾਹੀ ਪੁਲਿਸ ਦੇ ਕਹਿਰ ਦਾ ਸ਼ਿਕਾਰ ਹੋ ਕੇ ਦੁਨੀਆਂ ਤੋਂ ਚੱਲ ਵਸੇ ਕੀ ਇਹ ਸਭ ਅੱਤਵਾਦੀ ਵਰਤਾਰਾ ਨਹੀਂ? ਮਨੁੱਖੀ ਅਧਿਕਾਰਾਂ ਦੇ ਅਲੰਬਦਾਰ ਸ. ਜਸਵੰਤ ਸਿੰਘ ਖਾਲੜਾ ਨੂੰ ਦਿਨ ਦਿਹਾੜੇ ਉਸ ਦੇ ਘਰੋਂ ਅਗਵਾ ਕਰਕੇ ਆਪ ਜੀ ਦੇ ਅਖੌਤੀ ਲੋਕਤੰਤਰ ਦੇ ਰਾਖਿਆਂ ਕੇ.ਪੀ.ਐੱਸ. ਗਿਲ ਤੋਂ ਅਜੀਤ ਸਿੰਘ ਸੰਧੂ ਵੱਲੋਂ ਕੋਹ-ਕੋਹ ਕੇ ਖਤਮ ਕਰ ਦਿੱਤਾ ਗਿਆ। ਕੀ ਇਹ ਸਰਕਾਰੀ ਅੱਤਵਾਦਾ ਦਾ ਸਿਖਰ ਨਹੀਂ ਹੈ ? ਰੋਪੜ ਜ਼ਿਲ੍ਹੇ ਦੇ ਖਾੜਕੂ ਨੌਜੁਆਨ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ

ਜਿਸ ਵਿਚ ਉਸ ਦੀ ਪੰਜ ਸਾਲ ਦੀ ਮਸੂਮ ਭਾਣਜੀ ਤੇ ਅੱਸੀ ਸਾਲ ਦੀ ਬਜ਼ੁਰਗ ਦਾਦੀ ਤੱਕ ਨੂੰ ਹੋਰ ਪਰਿਵਾਰ ਮੈਂਬਰਾਂ ਸਮੇਤ ਤੁਹਾਡੇ ਸੁਮੇਧ ਸੈਣੀ ਦੇ ਪਾਲਤੂਆਂ ਵੱਲੋਂ ਜ਼ਿੰਦਾ ਜਲਾ ਦੇਣਾ ਤਾਂ ਅੱਤਵਾਦ ਨਹੀਂ ਦੇਸ਼ ਭਗਤੀ ਹੋਵੇਗੀ? ਮਰਹੂਮ ਬੇਅੰਤ ਸਿੰਘ ਸਰਕਾਰ ਸਮੇਂ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਪੱਚੀ ਹਜ਼ਾਰ ਸਿਖਾਂ  ਨੂੰ ਲਾਸ਼ਾਂ ਵਿਚ ਤਬਦੀਲ ਕਰਨ ਦੇ ਸਬੂਤ ਸ. ਖਾਲੜਾ ਵੱਲੋਂ ਦਿੱਤੇ ਗਏ ਜਿਨਾਂ ਨੂੰ ਬਾਅਦ ਵਿਚ ਸੁਪਰੀਮ ਕੋਰਟ ਨੇ ਕਬੂਲ ਕੀਤਾ ਹੈ। ਇਸ ਤੋਂ ਇਲਾਵਾ ਅਨੇਕਾਂ ਨੌਜੁਆਨਾਂ ਨੂੰ ਨਹਿਰਾਂ ਅਤੇ ਦਰਿਆਵਾਂ ਦੀ ਭੇਂਟ ਕਰ ਦਿੱਤਾ ਗਿਆਸ ਜਿਨਾਂ ਦੀ ਗਿਣਤੀ ਦੇ ਆਂਕੜੇ ਹਜ਼ਾਰਾਂ ਨਹੀਂ ਲੱਖਾਂ ਵਿਚ ਜਾ ਪਹੁੰਚਦੇ ਹਨ ਕੀ ਇਸ ਸਾਰੇ ਵਰਤਾਰੇ ਨੂੰ ਭਾਰਤੀ ਲੋਕਤੰਤਰ ਦਾ ਸੱਤਵਾਦ ਕਿਹਾ ਜਾਵੇ? ਤੁਹਾਡੀ ਪਾਰਟੀ ਦੀ ਸਰਕਾਰ (ਬੇਅੰਤ ਸਿੰਘ) ਸਮੇਂ ਉਸ ਸਮੇਂ ਦੇ ਪੁਲਿਸ ਮੁਖੀ ਨੇ ਪੰਜਾਬ ਵਿਚ ਪੁਲਿਸ ਵੱਲੋਂ ਪੈਦਾ ਕੀਤੇ ਨਕਲੀ ਖਾੜਕੂਆਂ (ਕਾਲੀਆਂ ਬਿੱਲੀਆਂ) ਨੂੰ ਪੁਲਸ ਦੀ ਜ਼ਰੂਰੀ ਲੋੜ ਕਬੂਲ ਕੀਤਾ ਹੈ। ਪੁਲਿਸ ਵੱਲੋਂ ਤਿਆਰ ਕੀਤੀਆਂ ਕਾਲੀਆਂ ਬਿੱਲੀਆਂ ਦੇ ਕਾਲੇ ਕਾਰਨਾਮਿਆਂ ਨੇ ਜਿਥੇ ਖਾੜਕੂ ਫ਼ੋਰਸਾਂ ਨੂੰ ਖਤਮ ਕਰਨ ਵਿਚ ਪ੍ਰਸ਼ਾਸ਼ਨ ਦੀ ਸਹਾਇਤਾ ਕੀਤੀ ਉਥੇ ਆਮ ਲੋਕਾਂ ਦੀ ਇਜ਼ਤ ਆਬਰੂ ਅਤੇ ਜ਼ਿੰਦਗੀ ਘਾਣ ਕੀਤਾ। ਕੀ ਇਸ ਨੂੰ ਸਰਕਾਰੀ ਅੱਤਵਾਦ ਨਹੀਂ ਕਿਹਾ ਜਾਵੇਗਾ?

ਕੁਰਸੀ ਲਈ ਰੱਸਾ-ਕੱਸ਼ੀ ਕਰ ਰਹੇ ਰਾਜਾ ਜਨੋ ਕਿਤੇ ਸੱਚੇ ਮਨ ਨਾਲ ਆਪਣੀ ਅੰਦਰਲੀ ਆਤਮਾ ਵਿਚ ਬਾਕੀ ਬਚਦੀ ਮਾੜੀ ਮੋਟੀ ਜ਼ਮੀਰ ਕਿਣਕਿਆਂ ਦੀ ਇਕੱਠਿਆਂ ਕਰਕੇ ਨਹਿਰਾਂ, ਦਰਿਆਵਾਂ ਦੇ ਪੁਲਾਂ ਕਿਨਾਰਿਆਂ, ਸ਼ਮਸ਼ਾਨ ਘਾਟਾਂ ਦੇ ਬੁਝ ਚੁੱਕੇ ਸਿਵਿਆਂ ਦੀ ਰਾਖ ਦਾ ਦੌਰਾ ਕਰਕੇ ਦੇਖੋ ਇਕ ਅੱਧ ਨਹੀਂ ਹਜ਼ਾਰਾਂ ਸਰਕਾਰੀ ਅੱਤਵਾਦ ਕਹਾਣੀਆਂ ਅੱਖਾਂ ਅੱਗੇ ਬਲ ਉਠਣਗੀਆਂ ਅਤੇ ਤੁਹਾਡੀਆਂ ਨਜ਼ਰਾਂ ਵਿਚਲੇ ਅਖੌਤੀ ਮਹਾਨਾਇਕ ਪਲਾਂ ਵਿਚ ਖਲਨਾਇਕਾ ਵਿਚ ਤਬਦੀਲ ਹੋ ਜਾਣਗੇ। ਅਸੀਂ ਕੂਕ-ਕੂਕ ਕੇ ਇਹ ਕਹਿਣਾ ਚਾਹੁੰਦੇ ਹਾਂ ਕਿ ਜੇਕਰ ਇਹ ਸਭ ਕਤਲੋਗਾਰਤ ਭਾਰਤੀ ਅਮਨ ਜਾਂ ਦੇਸ਼ ਦੀ ਏਕਤਾ ਅਖੰਡਤਾ  ਨੂੰ ਕਾਇਮ ਰੱਖਣ ਲਈ ਹੋਈ ਹੈ ਤਾਂ ਮੁਆਫ਼ ਕਰਨਾ ਪੰਜਾਂ ਪਾਣੀਆਂ ਦੀ ਧਰਤੀ ਨੂੰ ਭਾਰਤ ਦੀ ਬੰਦੇ ਖਾਣੀ ਸ਼ਾਂਤੀ ਤੋਂ ਖਤਰਾ ਹੈ ਇਸ ਲਈ ਇਸ ਨੂੰ ਅੱਤਵਾਦੀ ਗਰਦਾਨਿਆ ਜਾਵੇ।

ਹੁਣ ਜਾਂਦੇ-ਜਾਂਦੇ ਬਾਕੀ ਸੂਬਿਆਂ ਵੱਲ ਵੀ ਨਜ਼ਰ ਮਾਰ ਲਈ ਜਾਵੇ ਜਿਹੜਾ ਕੁਝ ਭਾਰਤੀ ਫ਼ੌਜਾਂ ਕਸ਼ਮੀਰ, ਨਾਗਾਲੈਂਡ, ਅਸਾਮ, ਮੀਜੋਰਮ ਤੇ ਨਕਸਬਾੜੀ ਲਹਿਰ ਪ੍ਰਭਾਵਿਤ ਅੱਠ ਰਾਜਾਂ ਵਿਚ ਕਰ ਰਹੀ ਹੈ। ਕੀ ਉਹ ਅੱਤਵਾਦ ਨਹੀਂ ਹੈ? ਸਿਆਸੀ ਪ੍ਰਭੂਓ ਹੋ ਸਕਦੈ ਕਿ ਬ੍ਰਹਮਪੁਰਾ ਪਿੰਡ ਵਿਚ ਸਿਖ ਬੀਬੀਆਂ ਦੇ ਮੂੰਹਾਂ ਉਤੇ ਤੁਹਾਡੀਆਂ ਲੋਕਤੰਤਰੀ ਫ਼ੋਰਸਾਂ ਵੱਲੋਂ ਵੱਢੀਆਂ ਦੰਦੀਆਂ ਤਾਂ ਤੁਹਾਨੂੰ ਯਾਦ ਨਾ ਰਹੀਆਂ ਹੋਣ ਪਰ ਧਰਤੀ ਉਤੇ ਹੋਇਆ ਮਨੋਰਮਾ ਕਾਂਡ ਤਾਂ ਹਾਲੇ ਕੱਲ ਦੀ ਗੱਲ ਅਤੇ ਭਾਰਤੀ ਤੰਤਰ ਦੀ ਹਲਕੀ ਹੋਈ ਮਾਨਸਿਕਤਾ ਦਾ ਪ੍ਰਤੀਕ ਹੈ। ਪਤਾ ਨਹੀਂ ਹੋਰ ਵਿਚਾਰੀਆਂ ਕਿਨੀਆਂ ਕੁ ਮਨੋਰਮਾਂ ਭਾਰਤੀ ਫ਼ੋਰਸਾਂ ਹੱਥੋਂ ਹਰ ਰੋਜ਼ ਕੋਹੀਆਂ ਜਾਂਦੀਆਂ ਹੋਣਗੀਆਂ? ਕੀ ਭਾਰਤੀ ਫ਼ੌਜਾਂ (ਫ਼ੋਰਸਾਂ) ਅੱਤਵਾਦੀ ਨਹੀਂ ਹਨ? ਪਰ ਕੌਣ ਕਹੇ ਰਾਣੀਏਂ ਅੱਗਾ ਢੱਕ? ਸਕਤੇ ਦਾ ਸੱਤੀ ਵੀਹੀਂ ਸੌ।

ਸੱਚ ਅੱਤਵਾਦ ਦੀ ਇਕ ਕਿਸਮ ਦਾ ਬਿਆਨ ਕਰਨੀ ਬਾਖੀ ਰਹਿ ਹੀ ਗਈ। ਭਾਰਤ ਦੀ ਭੁਖੀ ਮਰਦੀ ਸੌ ਕਰੋੜ ਜਨਤਾ ਦਾ ਸਾਰਾ ਸਰਮਾਇਆ ਸਿਰਫ਼ ਤੁਹਾਡੇ ਵਰਗੇ ਚੰਦ ਕੁ ਸਰਮਾਏਦਾਰ ਘਰਾਣਿਆਂ ਕੋਲ ਪਿਆ ਹੈ। ਜਿੰਨਾਂ ਦੀ ਕੁਲ ਗਿਣਤੀ ੧੧੦ ਕੁ ਤੋਂ ਵੱਧ ਨਹੀਂ ਹੈ। ਇਕ ਪਾਸੇ ਜਿਸ ਦੇਸ਼ ਵਿਚ ਲੋਕਾਈ ਦਾ ੮੦% ਹਿੱਸਾ ਜੀਵਨ ਜਿਊਣ ਦੀਆਂ ਮੁਢਲੀਆਂ ਲੋੜਾਂ ਤੋਂ ਵੀ ਹੀਣਾ ਹੈ। ਉਥੇ ਚੰਦ ਕੁ ਸਰਮਾਏਦਾਰ, ਸਿਆਸੀ ਤੇ ਰਾਜ ਘਰਾਣਿਆਂ ਦਾ ਕੇਸ ਦੇ ਸਰਮਾਏ ਉਤੇ ਸੱਪ ਵਾਂਗ ਕੁੰਡਲੀ ਮਾਰ ਕੇ ਬੈਠੇ  ਰਹਿਣਾ ਕਿਹੜਾ ਅੱਤਵਾਦ ਹੈ? ਸਾਡੇ ਮੁਤਾਬਕ ਤਾਂ ਇਸ ਨੂੰ ਸਰਮਾਏਦਾਰ ਅੱਤਵਾਦ ਆਖਣਾ ਉਚਿਤ ਹੋਵੇਗਾ? ਤੁਹਾਡੇ ਖਿਆਲ ਦੀ ਉਡੀਕ ਰਹੇਗੀ।
ਅੰਤਿਕਾ :- ਸਤਿਕਾਰਯੋਗ ਰਾਜਾ ਸਾਹਿਬ ਅਤੇ ਬਾਦਲ ਸਾਹਿਬ ਅੰਤ ਵਿਚ ਅਸੀਂ ਇਹ ਲਿਖਣ ਵਿਚ ਭੋਰਾ ਵੀ ਹਿਚਕਚਾਹਟ ਮਹਿਸੂਸ ਨਹੀਂ ਕਰਦੇ ਕਿ ਭਾਰਤੀ ਤੰਤਰ ਵਿਚ ਮੌਜੂਦ ਲੋਕਤੰਤਰੀਸ (ਅਖੌਤੀ) ਤਾਣਾਬਾਣਾ, ਹਿੰਦੂ ਅੱਤਵਾਦੀ ਸਗੰਠਨ, ਸਾਰੀਆਂ ਵੋਟ ਵਟੋਰੂ ਰਾਜਸੀ ਪਾਰਟੀਆਂ, ਭਰਿਸ਼ਟ ਅਫ਼ਸਰਸ਼ਾਹੀ, ਜ਼ਾਲਮ ਪੁਲਿਸ ਅਤੇ ਹੋਰ ਫ਼ੋਰਸਾਂ, ਅੱਤਵਾਦ ਲਈ ਜ਼ਿੰਮੇਵਾਰ ਹੀ ਨਹੀਂ ਸਗੋਂ ਖੁਦ ਅੱਤਵਾਦੀ ਹਨ। ਸੋ ਅਸੀਂ ਤੁਹਾਡੀ ਅੱਤਵਾਦਸ ਲਈ ਜ਼ਿੰਮੇਵਾਰ

ਕੌਣ? ਦੇ ਬੇਲੋੜੀ ਬਹਿਸ ਕਰਨ ਦੀ ਬਜਾਏ, ਅੱਤਵਾਦੀ ਕੌਣ ਹੈ? ਦੇ ਮੁਦੇ ਤੇ ਖੁੱਲੀ ਬਹਿਸ ਦਾ ਸੱਦਾ ਦਿੰਦੇ ਹਾਂ। ਇਹ ਬਹਿਸ ਦੁਨੀਆਂ ਭਰ ਦੀਆਂ ਅਮਨ ਪਸੰਦ ਤਾਕਤਾਂ ਇੰਟਰਨੈਸ਼ਨਲ ਹਿਊਮੈਨ ਰਾਈਟਸ ਵਾਚ, ਯੂ.ਐਨ.ਓ. ਅਤੇ ਅਮਨ ਪਸੰਦ ਸਰਕਾਰਾਂ, ਸਮਾਜਵਾਦੀ ਦੇਸ਼ਾਂ ਅਤੇ ਸਗੰਠਨਾਂ ਅਤੇ ਪੂਰੀ ਦੁਨੀਆਂ ਦੇ ਨਿਰਪੱਖ ਮੀਡੀਏ ਅਤੇ ਵਿਦਵਾਨਾਂ ਸਾਹਮਣੇ ਕਦੋਂ ਵੀ ਕਿਥੇ ਮਰਜ਼ੀ ਕਰ ਲਈ ਜਾਵੇ। ਅਸੀਂ ਇਸ ਖੁੱਲ੍ਹੀ ਬਹਿਸ ਲਈ ਤਿਆਰ ਹਾਂ।

*ਹਲੇ ਕੀ ਏ ਸਾਡਾ ਪੰਖੇਰੂਆਂ ਦਾ*
*ਪਤਾ ਲੱਗੇਗਾ ਜਦੋਂ ਅਸੀਂ ਟਹਿਲਗਗੇ*
*ਅਸੀਂ ਗੱਭਰੂ ਤੂਤ ਦੀ ਛਟੀ ਵਰਗੇ*
*ਜਿੰਨਾਂ ਛਾਗੋਂਗੇ ਓਨਾ ਹੀ ਫੈਲਰਾਂਗੇ*

## *ਆਪ ਦੋਹਾਂ ਧਿਰਾਂ ਦੇ ਪ੍ਰਤੀਕਰਮ ਦੀ ਉਡੀਕ ਵਿਚ*

੧. ਭਾਈ ਅਮਰਦੀਪ ਸਿੰਘ ਅਮਰ
੨. ਭਾਈ ਸੁਖਮੰਦਰ ਸਿੰਘ ਕਰਮੂ ਵਾਲਾ
੩. ਭਾਈ ਕੁਲਵਿੰਦਰ ਸਿੰਘ ਖਾਨਪੁਰ
੪. ਭਾਈ ਅਵਤਾਰ ਸਿੰਘ ਦਿੱਲੀ
੫. ਭਾਈ ਜਗਦੀਪ ਸਿੰਘ ਫਰੀਦਕੋਟ

*#####*